ੴ ਸਤਿਗੁਰ ਪ੍ਰਸਾਦਿ ॥

ਗੁਰੂ ਨਾਨਕ ਦੇਵ ਮਿਸ਼ਨ ਸੀਰੀਜ 356

ਗੁਰਮੁਖ ਪੰਥ ਸਕਾਰਥੇ, ਗੁਰਮੁਖ ਮਾਰਗ ਚਾਲ ਚਲੰਦੇ
ਗੁਰਦੁਆਰੇ ਜਾਨ ਜਲ, ਸਾਧ ਸੰਗਤ ਚਲ ਜਾਇ ਬਹੰਦੇ

# ਨਨਕਾਣਾ ਸਾਹਿਬ ਦਰਸ਼ਨ

## ਤਾਂਘ ਤੇ ਪਰਯਤਨ

ਇਹ ਲੇਖ ਸਮਰਪਤ ਹੈ ਉਨ੍ਹਾਂ ਸ਼ਹੀਦਾਂ ਨੂੰ, ਜਿਨਾਂ 20 ਫਰਵਰੀ 1921 ਨੂੰ
ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਪਾਵਨ ਮਰਯਾਦਾ
ਬਹਾਲ ਕਰਨ ਹਿਤ ਆਪਣਾ ਆਪ ਗੁਰੂ ਚਰਣਾਂ ਉਪਰੋਂ
ਨਛਾਵਰ ਕਰ ਦਿਤਾ

**ਗੁਰੂ ਨਾਨਕ ਦੇਵ ਮਿਸ਼ਨ ਪਟਿਆਲ਼ਾ**

ਡਾਕ ਘਰ ਸਨੌਰ ਪਟਿਆਲਾ।

ਪੰਜਾਬ ਇੰਡੀਆ

ਮੁਲ 80 ਪੈਸੇ

ੴ ਸਤਿਗੁਰ ਪ੍ਰਸਾਦਿ ।

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਤਰਨ ਤਾਰਨ, ਗੋਇੰਦਵਾਲ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਅਕਾਲ ਤਖਤ ਅਤੇ ਬਾਕੀ ਦੇ ਤਖਤ ਸਹਿਬਾਨ ਸਿਖੀ ਮਹਿਲ ਦੇ ਸਤੂਨ-ਥੰਮ (pillars) ਹਨ ਜਿਨ੍ਹਾਂ ਉਪਰ ਇਹ ਮਹਿਲ ਖੜਾ ਹੈ, ਪਰ ਗੌਹ ਨਾਲ ਤਕੀਏ ਤਾਂ ਇਸ ਦੀਆਂ ਜੜ੍ਹਾਂ ਇਨ੍ਹਾਂ ਸਭ ਤੋਂ ਬਾਹਰ ਕਿਸੇ ਹੋਰ ਥਾਉਂ ਹਨ । ਸਤਿਗੁਰੂ ਜੀ ਦਾ ਫੁਰਮਾਣ :

'ਤੂ ਪੇਡੁ ਸਾਖ ਤੇਰੀ ਫੂਲੀ—ਤੂ ਸੂਖਮ ਹੋਆ ਅਸਥੂਲੀ' (ਮਾਝ ਮ: 5)

ਇਸ ਪਰਥਾਏ ਓਵੇਂ ਹੀ ਠੀਕ ਢੁਕਦਾ ਹੈ ਜਿਵੇਂ ਬਹੜ ਦਾ ਇਕ ਨਨ੍ਹਾ ਜੇਹਾ ਬੀਜ ਕਿਸੇ ਭਾਗਭਰੀ ਧਰਤੀ ਵਿਚ ਉਗ ਕੇ ਆਪਣੇ ਆਲੇ ਦੁਆਲੇ ਨੂੰ ਠੰਡਾ ਤੇ ਹਰਾ ਭਰਾ ਕਰਦਾ ਹੋਇਆ ਆਪਣੀਆਂ ਦਾੜ੍ਹਾਂ ਅਗੇ ਤੋਂ ਅਗੇ ਲਾਉਂਦਾ ਫੈਲਦਾ ਤੁਰਿਆ ਜਾਂਦਾ ਹੈ ਅਤੇ ਉਸ ਦੀ ਹਰ ਦਾੜ੍ਹ ਆਪਣੇ ਆਪ ਵਿਚ ਇਕ ਵਡੇ ਰੁਖ ਦਾ ਥਾਉਂ ਲੈ ਲੈਂਦੀ ਹੈ। ਪਰ ਏਨਾ ਵਡ ਪਰਵਾਰੀ ਹੁੰਦਾ ਹੋਇਆ ਵੀ ਓਹ ਬੋਹੜ ਆਪਣੇ ਅਸਲੇ ਨਨ੍ਹੇ ਜਹੇ ਬੀਜ ਦੀ ਹੋਂਦ ਨੂੰ ਕਦੀ ਨਹੀਂ ਭੁਲਦਾ ਅਤੇ ਉਹ ਆਪਣੀ ਹਰ ਟਾਹਣੀ ਤੇ ਉਸ ਬੀਜ ਭਰੀਆਂ ਅਨੇਕਾਂ ਗੋਹਲਾਂ ਪੈਦਾ ਕਰਕੇ ਸੰਸਾਰ ਨੂੰ ਦਸਦਾ ਹੁੰਦਾ ਹੈ ਕਿ ਉਸ ਨੂੰ ਏਨੇ ਵਡੇ ਆਕਾਰ-ਪੇਡ ਸਾਖਾਂ ਪਤਿਆ-ਦੀ ਬਖਸ਼ਸ਼ ਉਸ ਛੋਟੇ ਜਹੇ ਬੀਜ ਤੋਂ ਪੈਦਾ ਹੋਈ ਹੈ ਜਿਸ ਨੂੰ ਉਹ ਕਿਸੇ ਕਾਲ ਭੁੱਲ ਨਹੀਂ ਸਕਦਾ।

ਵਡ ਆਕਾਰੀ ਬੋਹੜ ਵਾਂਗ ਸਰਬ ਸੰਸਾਰ ਅੰਦਰ ਪੈਰ ਜਮਾ ਰਹੀ ਸਿਖੀ ਦੀ ਜੜ੍ਹ ਉਸ ਸੁਲੱਖਣੀ ਰਾਇ ਭੋਇ ਦੀ ਤਲਵੰਡੀ ਵਿਚ ਹੈ ਜਿਸ ਨੂੰ ਅਜ ਅਸੀਂ ਨਨਕਾਣਾ ਸਾਹਿਬ ਦੇ ਨਾਮ ਨਾਲ ਚੇਤੇ ਕਰਦੇ ਹਾਂ ਅਤੇ ਇਸ ਵਿਚ ਪਾਵਨਾ ਤੋਂ ਮਹਾਂ ਪਾਵਨ ਗੁਰਦੁਆਰੇ ਜਨਮ ਅਸਥਾਨ ਦਾ ਹ

ਪਵਿੱਤਰ ਥਾਂ ਹੈ ਜਿਸ ਦਾ ਜ਼ੱਰਾ ਜ਼ੱਰਾ ਉਸ ਨਿਰੰਕਾਰੀ ਜੋਤਿ-ਨੂਰੀ ਨਾਨਕ ਦੀ ਯਾਦ ਆਪਣੇ ਅੰਦਰ ਸੰਭਾਲੇ ਹੋਇ ਹੈ, ਜਿਸ ਨੂਰ ਦੀ ਪਹਿਲੀ ਕਿਰਨ ਸੰਨ 1469 ਵਿਚ ਪੂਜਯ ਮਾਤਾ ਤ੍ਰਿਪਤਾ ਅਤੇ ਦਾਈ ਦੌਲਤਾਂ ਉਪਰ ਪਈ। ਉਹ ਰੂਹਾਨੀਅਤ ਦਾ ਸੂਰਜ ਜਿਸ ਦੀ ਰੋਸ਼ਨੀ ਵਿਚ ਦੁਨੀਆਂ ਨੇ ਵਾਹਦਾਨੀਅਤ – 'ਸਾਹਿਬ ਮੇਰਾ ਏਕੋ ਹੈ, ਏਕੋ ਹੈ, ਭਾਈ ਏਕੋ ਹੈ' ਦਾ ਸਬਕ ਪੜ੍ਹਣਾ ਸੀ ਏਥੇ ਚੜ੍ਹਿਆ। ਇਸੇ ਧਰਤੀ ਨੂੰ ਹਿੰਦੂ ਸੰਧੂ ਜਟ ਬਾਲਾ ਅਤੇ ਮੁਸਲਮਾਨ ਮਿਰਾਸੀ ਮਰਦਾਨਾ ਦੀ ਜਨਮ ਭੂਮੀ ਹੋਣ ਦਾ ਮਾਨ ਪ੍ਰਾਪਤ ਹੋਇਆ ਜਿਨ੍ਹਾਂ ਦੀ ਪਛਾਣ, ਹਿੰਦੂ ਮੁਸਲਮਾਨ ਹੋਣ ਦੇ ਨਾਤੇ ਨਹੀਂ, ਬਲਕਿ ਇਨਸਾਨ ਹੋਣ ਦੇ ਨਾਤੇ ਗੁਰੂ ਨਾਨਕ ਨੇ ਕੀਤੀ ਤੇ ਦੋਨਾ ਨੂੰ ਆਪਦੇ ਭਰਾ - 'ਭਾਈ ਬਾਲਾ ਤੇ ਭਾਈ ਮਰਦਾਨਾ' ਜਾਣ ਕੇ ਉਮਰ ਭਰ ਲਈ ਆਪਣਾ ਜੀਵਨ ਸਾਥੀ ਬਣਾਇਆ। ਕਿਤਨੀ ਭਾਗ ਭਰੀ ਧਰਤੀ ਸੀ ਉਹ ਜਿਥੋਂ ਕਈ ਸਦੀਆਂ ਪਿਛੋਂ ਪਹਿਲੀ ਵਾਰ 'ਏਕ ਪਿਤਾ ਏਕਸ ਕੇ ਹਮ ਬਾਰਕ' ਦੀ ਅਜ਼ਾਂ (ਬਾਂਗ) ਉਠੀ, ਜਿਸ ਨੇ ਗੁਰੂ ਨਾਨਕ ਦੇ ਮਹਿਦੂਦ ਜੀਵਨ ਕਾਲ ਅੰਦਰ ਹਿਮਾਲੀਆ ਦੀਆਂ ਚੋਟੀਆਂ ਤੋਂ ਲੈ ਕੇ ਰਾਸ ਕੁਮਾਰੀ ਤਕ ਸਾਰੇ ਹਿੰਦੁਸਤਾਨ ਨੂੰ ਅਤੇ ਤਿਬਤ, ਚੀਨ, ਬਰਮਾ, ਸ਼ਿਆਮ, ਲੰਕਾ, ਅਰਬ, ਇਰਾਕ, (ਬਗ਼ਦਾਦ, ਮੱਕਾ, ਮਦੀਨਾ) ਈਰਾਨ, ਤਾਤਾਰ ਅਫਗਾਨਿਸਤਾਨ ਤਕ ਨੂੰ ਆਪਣੀ ਲਪੇਟ ਵਿਚ ਲੈ ਲਿਆ। ਜਿਸ ਅਜ਼ਾਂ ਦੀ ਤਸ਼ਰੀਹ ਬਾਦ ਵਿਚ ਗੁਰੂ ਅਰਜਨ ਦੇਵ ਨੇ ਇਉਂ ਕੀਤੀ।

'ਸਭੇ ਸਾਂਝੀਵਾਲ ਸਦਾਇਨਿ ਤੂ ਕਿਸੈ ਨ ਦਿਸਹਿ ਬਾਹਰਾ ਜੀਉ ॥' (ਮਾਝ)

ਤਲਵੰਡੀ ਦੀ ਇਸੇ ਪਾਵਨ ਧਰਤੀ ਨੂੰ ਮਾਨ ਪ੍ਰਾਪਤ ਹੈ (ਗੁਰੂ) ਨਾਨਕ ਦੀਆਂ ਆਪਣੇ ਹਮਜੋਲੀਆਂ ਨਾਲ ਬਾਲ ਵਰੇਸ ਦੀਆਂ ਖੇਡਾਂ ਦਾ, ਪਹਿਲੀ ਪਟੀ ਲਿਖਣ ਤੇ ਪੜ੍ਹਣ ਦਾ, ਪਿਤਾ ਕਾਲੂ ਜੀ ਦੇ ਡੰਗਰਾਂ ਨੂੰ ਚੁਗਾਉਣ ਅਤੇ ਉਜੜੇ ਖੇਤ ਹਰੇ ਭਰੇ ਕਰਨ ਦਾ, ਫ਼ਨੀਅਰ ਨਾਗ ਦੀ ਫਨ ਦੀ ਛਾਵੇਂ ਗੂੜੀ ਨੀਂਦ ਮਾਨਣ ਦਾ ਅਤੇ ਤੰਬੂ ਸਮਾਨ ਧਰਤੀ ਤੇ ਵਿਛੇ ਵਣ ਦੇ ਰੁਖ ਹੇਠ ਛੁਪ ਬੈਠਣ ਦਾ। ਇਸ ਬਾਉਂ ਸੁਰੱਖਿਅਤ ਹਨ ਓਹ ਸਾਰੇ ਅਸਥਾਨ ਜੋ ਗੁਰੂ ਨਾਨਕ ਦੀ ਬਾਲ ਉਮਰ ਦੀਆਂ ਯਾਦਾਂ ਆਪਣੇ ਵਿਚ ਸਮੋਏ ਹੋਇ ਹਨ।

ਸਾਢੇ ਚਾਰ ਸੌ ਸਾਲ ਨਾਨਕ ਨਾਮ ਲੇਵਾ ਦੇਸ਼ ਪਰਦੇਸਾਂ ਤੋਂ ਆ ਆ ਕੇ ਇਨ੍ਹਾਂ ਯਾਦਗਾਰੀ ਸਥਾਨਾਂ ਦੀ ਧੂੜ ਮਥੇ ਲਾਉਂਦੇ ਰਹੇ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਸੰਨ 1818-19 ਵਿਚ ਮੁਲਤਾਨ ਦੀ ਫਤਹਿ ਪਿਛੋਂ ਜਦੋਂ ਮਹਾਰਾਜਾ ਸਾਹਿਬ ਏਥੇ ਆਏ ਤਾਂ ਗੁਰਦੁਆਰਿਆਂ ਦੀਆਂ ਕਈ ਇਮਾਰਤਾਂ ਬਣਾਏ ਜਾਣ ਦਾ ਹੁਕਮ ਦੇਣ ਤੋਂ ਇਲਾਵਾ ਵੀਹ ਹਜ਼ਾਰ ਏਕੜ ਦੇ ਕਰੀਬ ਜ਼ਮੀਨ ਗੁਰਦੁਆਰਿਆ ਦੇ ਨਾਮ ਲਗਾ ਦਿਤੀ, ਤਾਂ ਕਿ ਇਸ ਦੀ ਆਮਦਨ ਤੋਂ ਗੁਰੂ ਕੇ ਲੰਗਰ ਚਲਦੇ ਅਤੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਹੁੰਦੀ ਰਹੇ।

ਅੰਗਰੇਜ਼ ਕਾਲ ਸਮੇਂ ਇਸ ਇਲਾਕੇ ਅੰਦਰ ਨਹਿਰਾਂ ਦੇ ਚਾਲੂ ਹੋਣ ਅਤੇ ਗੁਰਦੁਆਰਿਆਂ ਦੀਆਂ ਜ਼ਮੀਨਾਂ ਦੀ ਸਿੰਜਾਈ ਦਾ ਪ੍ਰਬੰਧ ਹੋ ਜਾਣ ਨੇ ਇਨ੍ਹਾਂ ਦੇ ਪੁਜਾਰੀਆਂ ਤੇ ਮਹੰਤਾਂ ਦੀਆਂ ਆਮਦਨਾ ਬਹੁਤ ਵਧਾ ਦਿਤੀਆਂ, ਜਿਨ੍ਹਾਂ ਨੇ ਅਯਾਸ਼ੀ ਤੇ ਆਚਰਨ ਹੀਨਤਾ ਦੇ ਦਰਵਾਜ਼ੇ ਖੋਲ੍ਹ ਦਿਤੇ ਅਤੇ ਗੁਰਦੁਆਰੇ ਧਰਮ ਦੇ ਪਰਦੇ ਹੇਠ ਮੌਜ ਮੇਲੇ ਦੇ ਅਖਾੜੇ ਬਣ ਗਏ, ਬਲਕਿ ਗੁਰਦੁਆਰਿਆਂ ਦੀਆਂ ਜਾਇਦਾਦਾਂ ਵੇਚ ਵਟ ਖਾਣ ਤੋਂ ਭੀ ਸੰਕੋਚ ਨ ਰਿਹਾ ਵੇਖੋ ਵੇਖੀ ਹਰ ਥਾਂ ਹੀ ਐਸਾ ਵਰਤਾਰਾ ਹੋ ਗਿਆ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦਾ ਮਹੰਤ ਨਰੈਣ ਦਾਸ ਜੋ ਬਹੁਤ ਵਡੀ ਜਾਇਦਾਦ ਅਤੇ ਅੰਨ੍ਹੀ ਆਮਦਨ ਦਾ ਮਾਲਕ ਸੀ, ਅਤੇ ਜੋ ਉਦਾਸੀ ਸੰਪਰਦਾ ਦਾ ਸਾਧੂ ਹੋਣ ਕਾਰਣ ਬ੍ਰਹਮਚਰਯ ਦਾ ਧਾਰਨੀ ਹੋਣਾ ਜ਼ਰੂਰੀ ਸੀ, ਨੇ ਖੁਲ੍ਹੇ ਤੌਰ ਇਕ ਨੌਜਵਾਨ ਮਿਰਾਸਨ ਘਰ ਪਾ ਲਈ, ਜਿਸ ਤੋਂ ਬੱਚੇ ਭੀ ਹੋ ਗਏ। 'ਯਥਾ ਤਥਾ ਰਾਜਾ ਪਰਜਾ' ਦੇ ਅਖਾਣ ਅਨੁਸਾਰ ਉਸਦੇ ਭਾਈਬੰਦ ਤੇ ਚੇਲੇ ਚਾਟੜੇ ਉਸ ਤੋਂ ਭੀ ਚਾਰ ਕਦਮ ਅੱਗੇ ਨਿਕਲ ਗਏ, ਅਤੇ ਹਨੇਰੇ ਸਵੇਰੇ ਗੁਰਦੁਆਰੇ ਦਰਸ਼ਨ ਕਰਨ ਆਈਆਂ ਬੀਬੀਆਂ ਦੀ ਇੱਜ਼ਤ ਮਹਿਫੂਜ਼ ਨ ਰਹੀ। ਅਜੇਹੀ ਹਾਲਤ ਵਿਚ ਸੁਧਾਰ ਕਰਨ ਦੀ ਚਰਚਾ ਚਲ ਪੈਣੀ ਕੁਦਰਤੀ ਗੱਲ ਸੀ ਅਤੇ ਚੂੰਕਿ ਕਾਨੂੰਨੀ ਚਾਰਾਜੋਈ, ਜਿਸ ਦੇ ਤਜਰਬੇ ਕਈ ਹੋਰ ਥਾਵਾਂ ਤੇ ਕੀਤੇ ਜਾ ਚੁਕੇ ਸਨ, ਪੁਜਾਰੀਆਂ ਜਾਂ ਮਹੰਤਾਂ ਦੇ ਬਦਲ ਦੇਣ

ਵਿਚ ਕੋਈ ਸਹਾਇਤਾ ਨਹੀਂ ਕਰਦੀ ਸੀ, ਇਸ ਲਈ ਸਿਖੀ ਦਰਦ ਰਖਣ ਵਾਲੇ ਸੂਝਵਾਨ ਮੁਖੀਆਂ ਨੇ ਇਸ ਵਿਚ ਸਿੱਧਾ ਦਖਲ ਦੇਣ ਦੀ ਠਾਣੀ, ਜਿਸ ਨੇ ਮਹੰਤ ਨਰੈਣ ਦਾਸ ਨੂੰ ਚੌਕੰਨਾ ਕੀਤਾ ਅਤੇ ਉਸ ਨੇ ਆਪਣੇ ਤੌਰ ਕੁਝ ਪਠਾਨ ਅਤੇ ਕਈ ਭਗੌੜੇ ਕਾਤਲ ਆਪਣੀ ਸੇਵਾ ਵਿਚ ਲੈ ਲਏ ਅਤੇ ਬੰਦੂਕਾਂ ਆਦਿ ਸ਼ਸਤਰ ਤੇ ਦਾਰੂ ਸਿੱਕਾ ਇਕੱਠਾ ਕਰ ਲਿਆ।

ਮਹੰਤ ਦੀ ਅਜੇਹੀ ਤਿਆਰੀ ਕਿਸੇ ਪਾਸਿਂ ਗੁਝੀ ਛਿਪੀ ਨਹੀਂ ਸੀ, ਸਿਖ ਭੀ ਚਾਹੁੰਦੇ ਤਾਂ ਸ਼ਸਤਰਾਂ ਅਸਤਰਾਂ ਸਹਿਤ ਬਹੁਤੀ ਗਿਣਤੀ ਵਿਚ ਆ ਕੇ ਮਹੰਤ ਨੂੰ ਗੁਰਦੁਆਰੇ ਤੋਂ ਲਾਂਭੇ ਹੋ ਜਾਣ ਲਈ ਮਜਬੂਰ ਕਰ ਸਕਦੇ ਸਨ, ਆਖਰ ਸਾਰੀ ਕੌਮ ਦੇ ਸਾਮ੍ਹਣੇ ਇਕ ਮਹੰਤ ਕੀ ਹੈਸੀਅਤ ਰਖਦਾ ਸੀ ? ਪਰ ਕੋਈ ਐਸੀ ਗੱਲ, ਜਿਸ ਨਾਲ ਜਨਮ ਅਸਥਾਨ ਜਹੇ ਪਾਕ ਪਵਿੱਤਰ ਥਾਉਂ ਦੀ ਤੌਹੀਨ ਹੋਵੇ, ਸਿਖ ਕਿਵੇਂ ਸਹਾਰ ਸਕਦੇ ਸਨ ! ਉਨ੍ਹਾਂ ਇਹ ਫੈਸਲਾ ਕੀਤਾ ਕਿ ਮਹੰਤ ਦੇ ਕੁਕਰਮਾਂ ਦੀ ਗੁਰਦੁਆਰੇ ਨੂੰ ਲਗ ਚੁਕੀ ਮੈਲ ਆਪਣੇ ਖੂਨ ਨਾਲ ਧੋਤੀ ਜਾਏ। ਗੁਰੂ ਨਾਨਕ ਦੇਵ ਦਾ ਇਸ ਪਰਥਾਏ ਹੁਕਮ।

'ਇਤ ਮਾਰਗਿ ਪੈਰ ਧਰੀਜੈ—ਸਿਰ ਦੀਜੈ ਕਾਣ ਨ ਕੀਜੈ'

ਸੁਨਹਿਰੀ ਅਖਰਾਂ ਵਿਚ ਉਕਰਿਆ ਉਨ੍ਹਾਂ ਦੀਆਂ ਅੱਖਾਂ ਸਾਮ੍ਹਣੇ ਸੀ।

ਉਨ੍ਹਾਂ ਇਸ ਅਗੇ ਸਿਰ ਝੁਕਾਇਆ ਅਤੇ ਧਾਰੋਵਾਲ ਦੇ ਸਥਾਨ ਤੇ (ਜੋ ਨਨਕਾਣਾ ਸਾਹਿਬ ਤੋਂ ਪੰਦਰਾਂ ਮੀਲ ਦੂਰ ਸੀ) 19 ਫਰਵਰੀ 1921 ਦੀ ਸ਼ਾਮ ਦੇ ਸਤ ਵਜੇ ਭਾਈ ਲਛਮਨ ਸਿੰਘ ਨੇ ਕਈ ਹੋਰ ਸਿੰਘਾਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਦਰਦ ਭਰੇ ਹਿਰਦੇ ਨਾਲ ਅਰਦਾਸਾ ਸੋਧਿਆ, 'ਸਤਿਗੁਰ ਨਾਨਕ ਦੇਵ ਤੇਰੇ ਪਾਵਨ ਜਨਮ ਅਸਥਾਨ ਦੀ ਹੋ ਰਹੀ ਬੇਅਦਬੀ ਅਤੇ ਉਥੇ ਵਰਤ ਰਹੇ ਘੋਰ ਪਾਪ ਕਦੋਂ ਤੱਕ ਬਰਦਾਸ਼ਤ ਕੀਤੇ ਜਾਂਦੇ ਰਹਿਣਗੇ। ਤੇਰੇ ਇਹ ਸੇਵਕ ਤੈਥੋਂ ਅਗਿਆ ਚਾਹੁੰਦੇ ਹਨ ਕਿ ਇਹ ਪਵਿੱਤਰ ਅਸਥਾਨ ਕੁਕਰਮੀ ਹੱਥਾਂ ਤੋਂ ਅਜ਼ਾਦ ਹੋਵੇ ਅਤੇ 'ਸਤਿਨਾਮ ਦਾ ਚਕਰ' ਜੋ ਏਥੋਂ ਉਠ ਕੇ ਤੂੰ ਸਾਰੇ ਜਗਤ ਅੰਦਰ ਫਿਰਾਇਆ ਸੀ, ਦੀ ਪਾਕ ਪਵਿਤਰ ਸਦਾ ਉਸੇ ਤਰ੍ਹਾਂ ਇਥੋਂ ਉਠਦੀ ਅਤੇ ਲੋਕਾਂ ਦੇ ਕਲਿਆਨ ਦੇ ਸਾਧਨ ਕਰਦੀ

ਰਹੇ ।

ਤੇਰੇ ਇਹ ਨਿਮਾਣੇ ਸੇਵਕ ਇਸ ਕਾਰਜ ਹਿਤ ਕਮਰ ਕਸੇ ਕਰਦੇ ਹਨ, ਤੂੰ ਇਨ੍ਹਾਂ ਨੂੰ ਬਲ ਤੇ ਬੁਧ ਬਖਸ਼ ਕਿ ਇਹ ਇਸ ਵਿਚ ਸਫਲ ਹੋਣ ਅਤੇ ਐਸਾ ਕਰਦੇ ਹੋਇ ਜੇ ਇਨ੍ਹਾ ਦੇ ਇਹ ਸਰੀਰ ਤੇਰੇ ਅਰਥ ਲਗ ਜਾਣ ਤਾਂ ਜ਼ਹੇ ਕਿਸਮਤ ।

ਪਾਤਸ਼ਾਹਾਂ ਦੇ ਪਾਤਸ਼ਾਹ । ਐਸੀ ਬਖਸ਼ਸ਼ ਕਰੋ ਕਿ ਤੇਰਾ ਫੁਰਮਾਣ

'ਗਰੀਬੀ ਗਦਾ ਹਮਾਰੀ—ਖੰਨਾ ਸਗਲ ਰੇਣ ਛਾਰੀ'

ਇਨ੍ਹਾਂ ਦੇ ਰੋਮ ਰੋਮ ਅੰਦਰ ਵਸਿਆ ਰਹੇ ਅਤੇ ਇਹ ਬਿਨਾਂ ਹੱਥ ਉਠਾਏ ਸਨਮੁਖ ਰਹਿ ਕੇ ਨ ਮਰਸ ਲੀਨ ਸ਼ਹੀਦੀਆਂ ਪ੍ਰਾਪਤ ਕਰਨ-'ਡੋਲਨ ਤੇ ਰਾਖਉ ਪ੍ਰਭੂ ਨਾਨਕ ਦੇ ਕਰਿ ਹਥ'

'ਨਾਨਕ ਨਾਮ ਚੜ੍ਹਦੀ ਕਲਾ—ਤੇਰੇ ਭਾਣੇ ਸਰਬਤ ਕਾ ਭਲਾ'

ਅਰਦਾਸ਼ ਉਪ੍ਰੰਤ ਸਭ ਨੇ ਸਤਿਗੁਰੂ ਦੇ ਹਜ਼ੂਰ ਮੱਥਾ ਟੇਕਿਆ ਅਤੇ

'ਵਾਹਿਗੁਰੂ ਜੀ ਕਾ ਖਾਲਸਾ—ਵਾਹਿਗੁਰੂ ਜੀ ਕੀ ਫਤਹਿ' ਪਿਛੋਂ ਸਾਰਿਆਂ ਨੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਉਂਦੇ ਹੋਏ ਹੋ ਚੁਕੀ ਅਰਦਾਸ ਉਤੇ ਰਬ ਸੰਤੁਸ਼ਟੀ ਦੀ ਮੋਹਰ ਲਗਾਈ ਅਤੇ ਨਨਕਾਣਾ ਸਾਹਿਬ ਦੇ ਰਸਤੇ ਪੈ ਗਏ ।

20 ਫਰਵਰੀ ਮੁਤਾਬਕ 10 ਫ਼ਗਣ ਸਵੇਰੇ ਸਤ ਤੋਂ ਅਠ ਵਜੇ ਤਕ ਇਹ ਸਾਰੇ 130 ਗੁਰੂ ਦੇ ਲਾਲ 'ਗਰੀਬੀ ਗਦਾ ਹਮਾਰੀ' ਦੇ ਫੁਰਮਾਣ ਤੇ ਪਹਿਰਾ ਦੇਂਦੇ ਹੋਏ ਮਹੰਤ ਅਤੇ ਉਸ ਦੇ ਚਾਟੜਿਆਂ ਹਥੋਂ ਸ਼ਹੀਦ ਜਾਂ ਘਾਇਲ ਹੋ ਡਿਗੇ ਅਤੇ ਇਨ੍ਹਾਂ ਦੇ ਮਧਨੀ ਪਲੇ ਸਰੀਰਾਂ ਤੋਂ ਨਦੀ ਵਤ ਵਗੇ ਖੂਨ ਦੇ ਰੋੜ੍ਹਾਂ ਨੇ ਜਨਮ ਅਸਥਾਨ ਦੇ ਅੰਦਰ ਬਾਹਰ ਜੰਮੀ ਉਸ ਮੈਲ ਨੂੰ ਧੋ ਦਿਤਾ ਜੋ ਮਹੰਤ ਦੇ ਕੁਕਰਮਾਂ ਨੇ ਉਥੇ ਲਗਾ ਰਖੀ ਹਈ ਸੀ ।

ਘਾਇਲ ਹੋ ਡਿਗੇ ਕਈ ਸਿੰਘਾਂ ਦਾ ਲਕੜੀ ਦੇ ਫਟਿਆਂ ਉਪਰ ਜਿਸ ਤਰ੍ਹਾਂ ਕੀਮਾ ਕੀਤਾ ਗਿਆ ਅਤੇ ਰਹਿੰਦਿਆਂ ਨੂੰ ਜਿਸ ਤਰ੍ਹਾਂ ਜੀਉਂਦੇ ਜੀਅ ਮਿਟੀ ਦਾ ਤੇਲ ਪਾ ਕੇ ਅਗ ਲਗਾ ਦਿਤੀ ਗਈ, ਜਥੇਦਾਰ ਲਛਮਣ ਸਿੰਘ ਨੂੰ ਜਿਸ ਤਰ੍ਹਾਂ ਜੰਡ ਨਾਲ ਬੰਨ੍ਹਿਆ ਅਤੇ ਤੇਲ ਪਾ ਕੇ ਸਾੜਿਆ ਗਿਆ ਅਤੇ

ਭਾਈ ਦਲੀਪ ਸਿੰਘ ਅਤੇ ਵਰਿਆਮ ਸਿੰਘ ਨੂੰ ਜੋ ਪਿਛੋਂ ਪਹੁੰਚਣ ਕਾਰਨ ਗੁਰਦੁਆਰੇ ਤੋਂ ਬਾਹਰ ਦਰਸ਼ਨੀ ਡਿਉੜੀ ਦੇ ਸਾਹਮਣੇ ਸ਼ਹੀਦ ਕੀਤੇ ਗਏ ਸਨ ਜਿਸ ਤਰਾਂ ਘੁਮਾਰਾਂ ਦੇ ਭਾਂਡਿਆਂ ਦੀ ਬਲ ਰਹੀ ਆਵੀ ਵਿਚ ਸੁਟਿਆ ਗਿਆ—ਇਹ ਸਾਰੀ ਲੰਮੀ ਅਤੇ ਸਿੰਘਾਂ ਦੇ ਸਿਦਕ, ਅਡੋਲਤਾ ਅਤੇ ਗਰੀਬੀ (non-violence) ਦੀ ਅਦੁਤੀ ਵਾਰਤਾ ਹੈ ਜਿਸ ਦੀ ਮਿਸਾਲ ਇਤਿਹਾਸ ਅੰਦਰ ਘਟ ਹੀ ਨਜ਼ਰੀ ਪੈਂਦੀ ਹੈ।

ਪਰ ਇਸ ਦੀ ਵਡਿਆਈ ਅਨੇਕ ਗੁਣਾਂ ਹੀ ਚਮਕਦੀ ਹੈ ਜਦੋਂ ਅਸੀਂ ਵੇਖਦੇ ਹਾਂ ਕਿ ਇਹ ਓਹੋ ਪਾਵਨਾ ਸਿਰ ਪਾਵਨ ਧਰਤੀ ਹੈ ਜਿਥੇ ਇਸ ਤੋਂ ਸਾਢੇ ਚਾਰ ਸੌ ਸਾਲ ਪਹਿਲੋਂ ਰੂਹਾਨੀਅਤ ਦਾ ਸੂਰਜ ਚੜ੍ਹਿਆ ਸੀ ਜਿਸ ਦੇ ਅਲੋਕਕ ਦਰਸ਼ਨਾਂ ਦੀ ਤਾਂਘ ਨੇ 130 ਚਕਵਿਆਂ ਦੇ ਹਿਰਦਿਆਂ ਨੂੰ ਅਜੇਹੀ ਧੂਹ ਪਾਈ ਕਿ ਓਹ ਕੰਵਲ ਦੀ ਸੁਗੰਧੀ ਦਾ ਰਸ ਮਾਨਣ ਆਏ ਭੌਰਿਆਂ ਦੀ ਨਿਆਈ 'ਸੁਖ ਸੰਪਟ ਰਾਸ' ਉਸ ਕੰਵਲ ਅੰਦਰ ਹੀ ਸਮਾ ਗਏ ਅਤੇ

'ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ (ਬਿਲਾਵਲ ਮ: ੫)

ਇਉਂ ਸਿਖ ਸੰਸਾਰ ਦੀਆਂ ਨਜ਼ਰਾਂ ਵਿਚ ਜਨਮ ਅਸਥਾਨ ਨਨਕਾਣਾ ਸਾਹਿਬ ਨ ਕੇਵਲ ਰੂਹਾਨੀਅਤ (Spirituality) ਦੇ ਉਦੇ ਹੋਣ ਦਾ ਹੀ ਬਲਕਿ ਸਿਖਾਂ ਦੇ ਸਿਦਕ ਤੇ ਭਰੋਸੇ ਦੇ ਸਿਖਰ ਦਾ ਭੀ ਪਰਤੀਕ ਹੈ ਅਥਵਾ ਸਿਖੀ ਦਾ ਜਨਮ ਤੇ ਸੰਪੂਰਨਤਾ ਦੋਵੇਂ ਇਸ ਵਿਚ ਸਮੋਏ ਹਨ।

ਜਨਮ ਅਸਥਾਨ ਨਨਕਾਣਾ ਸਾਹਿਬ ਦੀ ਇਹ ਸਥਿਤੀ ਅਤੇ ਫਿਰ ਇਸ ਤੋਂ ਸਿਖ ਦਾ ਵਿਛੋੜਿਆ ਜਾਣਾ ਅਨਭਵ ਦੀ ਗੱਲ ਹੈ ਕਹਿਣ ਸੁਣਨ ਦੀ ਨਹੀਂ। ਦੇਸਾਂ ਦਾ ਜੁੜਨਾ ਜਾਂ ਵਖੋ ਵਖ ਹੋਣਾ ਅਤੇ ਹਕੂਮਤਾਂ ਦਾ ਬਦਲਣਾ ਕੋਈ ਅਸਚਰਜ ਗੱਲ ਨਹੀਂ ਐਸਾ ਹੁੰਦਾ ਆਇਆ ਅਤੇ ਹੁੰਦਾ ਰਹੇਗਾ। ਸਾਨੂੰ ਉਕਾ ਹੀ ਕੋਈ ਰੰਜ ਨਹੀਂ ਸਗੋਂ ਖੁਸ਼ੀ ਹੈ ਕਿ ਕੋਈ ਦੇਸ ਅਤੇ ਉਸ ਦੀ ਹਕੂਮਤ ਉਥੋਂ ਦੀ ਜਨਤਾ ਦੀ ਮਰਜ਼ੀ ਮੁਤਾਬਕ ਹੋਵੇ। ਪਾਕਸਤਾਨ ਦੀ ਕਾਇਮੀ ਮੁਬਾਰਕ ਹਵੇ ਸਾਡੇ ਉਨ੍ਹਾਂ ਭਰਾਵਾਂ ਨੂੰ ਜਿਨ੍ਹਾਂ ਨੂੰ ਇਸ ਦੀ ਖੁਸ਼ੀ ਨਸੀਬ ਹੋਈ ਹੈ, ਇਉਂ ਹੀ ਸਾਨੂੰ ਭਾਰਤ ਦੇ ਗਣਤੰਤਰੀ

ਵਿਧਾਨ ਵਿਰੁਧ ਵੀ ਕੋਈ ਰੋਸ ਨਹੀਂ ਕਿਉਂਕਿ ਇਸ ਵਿਚ ਅਨੇਕ ਹੋਰਨਾਂ ਦੀ ਸ੍ਰੇਸ਼ਟਤਾ ਹੈ। ਪਰ ਸਾਡੇ ਮਨਾਂ ਨੂੰ ਅਗਰ ਕਲੇਸ਼ ਹੈ ਤਾਂ ਕੇਵਲ ਇਸ ਗੱਲ ਦਾ ਕਿ ਅਸੀਂ ਆਪਣੇ ਮੱਕਾ ਸਰੀਫ, ਆਪਣੀ ਅਯੁਧਿਆ ਅਤੇ ਮਥਰਾ ਭੂਮੀ—ਆਪਣੇ ਜਨਮ ਅਸਥਾਨ, ਜਿਥੋਂ ਉਠਦੀ

ੴ ਸਤਿਨਾਮੁ ਕਰਤਾਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ

ਅਜੂਨੀ ਸੈਭੰ ਗੁਰ ਪ੍ਰਸਾਦਿ' ਦੀ ਅਲੌਕਕ ਧੁਨੀ

ਤੇ ਬਾਂਗ ਸਾਡੇ ਹਿਰਦਿਆਂ ਨੂੰ ਦਿਨ ਪ੍ਰਤ ਰਾਤ ਟੁੰਬਦੀ ਅਤੇ ਸਾਨੂੰ ਰੂਹਾਨੀਅਤ ਦਾ ਸੰਦੇਸ਼ ਦੇਂਦੀ ਸੀ, ਸਾਨੂੰ ਸੁਣਾਈ ਨਹੀਂ ਦੇ ਰਹੀ। ਬੀਤੇ 12 ਸਾਲਾਂ ਤੋਂ ਸੰਸਾਰ ਭਰ ਅੰਦਰ ਵਸਦੇ ਸਵਾ ਕਰੋੜ ਸਿਖ ਹਿਰਦਿਆਂ ਦੀ ਸਵੇਰੇ ਸ਼ਾਮ ਉਠਦੀ ਹੂਕ ਕਿ 'ਸਾਨੂੰ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦੀ ਪੂਰਨ ਆਜ਼ਾਦੀ ਹੋਵੇ,' ਅਣਸੁਣੀ ਅਤੇ ਅਣਗੌਲੀ ਜਾ ਰਹੀ ਹੈ। ਭਾਰਤੀ ਸ਼ਹਿਰੀ ਹੋਣ ਦੇ ਨਾਤੇ ਸਾਡਾ ਇਹ ਵਿਧਾਨਕ ਹੱਕ ਭੀ ਹੈ ਕਿ ਸਾਡੀਆਂ ਧਾਰਮਕ ਇਛਾਵਾਂ ਦੀ ਪੂਰਤੀ ਲਈ ਸਾਡੀ ਗਣਤੰਤਰੀ ਸਰਕਾਰ ਸਾਡਾ ਹਥ ਵਟਾਏ ਅਤੇ ਇਸ ਪਰਥਾਏ ਸਿਖ ਜਜ਼ਬਾਤ ਬਾਰੇ ਭਾਰਤ ਸਰਕਾਰ ਨੂੰ ਕੋਈ ਭੁਲੇਖਾ ਨਹੀਂ, ਬਲਕਿ ਇਸ ਦੀ ਚਿਤਾਉਣੀ ਸਿਖ ਮੁਖੀਆਂ ਅਤੇ ਵਿਧਾਇਕਾਂ ਵਲੋਂ ਵਾਰ ਵਾਰ ਸਰਕਾਰ ਨੂੰ ਦਿਤੀ ਜਾਂਦੀ ਰਹੀ ਹੈ, ਖਾਸ ਕਰ ਉਨ੍ਹਾਂ ਸਮਿਆਂ ਤੇ ਜਦੋਂ ਭਾਰਤ ਤੇ ਪਾਕਸਤਾਨ ਸਰਕਾਰਾਂ ਵਿਚਾਲੇ ਬਦੇਸ ਨੀਤੀ ਤੇ ਵਿਚਾਰ ਵਟਾਂਦਰੇ ਹੋਏ, ਪਰੰਤੂ ਇਹ ਜਾਣ ਕੇ ਸਿਖ ਹਿਰਦੇ ਅਤਿ ਦੁਖ ਮਹਿਸੂਸ ਕਰਦੇ ਹਨ ਕਿ ਭਾਰਤ ਦੇ ਵਿਦੇਸ਼ ਨੀਤੀਵਾਨਾ ਅੰਦਰ ਸਿਖਾਂ ਦੀ ਅਜੇਹੀ ਮੰਗ ਦਾ ਪਾਸ ਤਕ ਨਹੀਂ, ਹਾਲਾਂਕਿ ਦੇਸ ਅੰਦਰ ਸਿਖਾਂ ਦੀ ਅਤੀਅੰਤ ਘਟ ਗਿਣਤੀ ਕੌਮ ਹੋਣ ਦੇ ਨਾਤੇ ਵੀ ਭਾਰਤ ਸਰਕਾਰ ਦਾ ਵਿਸ਼ੇਸ਼ ਕਰਮ ਸੀ ਕਿ ਓਹ ਇਸ ਘਟ ਗਿਣਤੀ ਕੌਮ ਦੇ ਅਹਿਸਾਸ ਦਾ ਸਤਿਕਾਰ ਕਰਦੀ, ਬਲਕਿ ਸੁਨਣ ਵਿਚ ਆਇਆ ਹੈ ਕਿ ਭਾਰਤ ਪਾਕ ਦੇ ਪਿਛਲੇ ਜੰਗ ਬਾਦ ਹੋਏ ਸ਼ਿਮਲਾ ਸਮਝੌਤਾ ਸਮੇਂ ਭਾਰਤੀ ਨੇਤਾਵਾਂ ਵਲੋਂ ਇਹ ਗੱਲ ਖਾਸ ਤੌਰ ਤੇ ਪਾਕਸਤਾਨੀ ਨੁਮਾਇੰਦਿਆਂ ਨੂੰ ਜਿਤਾਈ ਗਈ ਸੀ ਕਿ ਓਹ ਕਿਸੇ ਭਾਰਤੀ ਵਫਦ ਨਾਲ

ਸਿਧੀ ਗੱਲ ਬਾਤ ਨਹੀਂ ਕਰਨਗ —ਜਿਸ ਦਾ ਇਸ਼ਾਰਾ ਸਿਖ ਜਾਂ ਮੁਸਲਮਾਨੀ ਵਫਦ ਵੱਲ ਹੀ ਹ ਸਕਦਾ ਸੀ ।

ਸ੍ਰੀ ਨਨਕਾਣਾ ਸਾਹਿਬ ਦੇ ਖੁੱਲੇ ਦਰਸ਼ਨਾਂ ਤੋਂ ਵਾਂਜੇ ਜਾਣਾ ਨਿਰਾ ਭਾਰਤੀ ਸਿਖ ਹਿਰਦਿਆਂ ਨੂੰ ਹੀ ਦੁਖਿਤ ਨਹੀਂ ਕਰਦਾ, ਸਗੋਂ ਪਰਦੇਸੀਂ ਜਾ ਵਸੇ ਸਿਖ ਭੀ ਇਸ ਸਥਿਤੀ ਤੇ ਸੰਤੁਸ਼ਟ ਨਹੀਂ; ਭਾਵੇ ਪਰਦੇਸੀਂ ਵਸਦੇ ਸਿਖਾਂ ਨੂੰ ਪਾਕਸਤਾਨ ਜਾਣ ਆਉਣ ਦੀ ਭਾਰਤੀ ਲੋਕਾਂ ਨਾਲੋਂ ਵਧੇਰੇ ਆਜ਼ਾਦੀ ਹੈ ਅਤੇ ਓਹ ਇਕੱਲੇ ਦੁਕੱਲੇ ਭੀ ਜਦੋਂ ਤੇ ਜਿਥੇ ਜਾਣਾ ਚਾਹੁਣ ਜਾ ਸਕਦੇ ਹਨ, ਜਦੋਂ ਕਿ ਭਾਰਤੀ ਸਿਖ ਕੇਵਲ ਵਿਸ਼ੇਸ਼ ਗੁਰਪੁਰਬਾ ਸਮੇਂ ਯਥਾ ਕਤਕ ਪੂਰਨਮਾਸੀ, ਜੇਠ ਸੁਦੀ ਚੌਥ ਅਤੇ ਵਿਸਾਖੀ ਦੇ ਦਿਨ ਹੀ ਕ੍ਰਮਨਸਾਰ ਨਨਕਾਣਾ ਸਾਹਿਬ, ਲਹੌਰ ਅਤੇ ਪੰਜਾ ਸਾਹਿਬ ਜਾ ਸਕਦੇ ਹਨ, ਅਗੇ ਪਿਛੇ ਨਹੀਂ ।

ਇਸ ਨੁਕਤੇ ਤੇ ਭਾਰਤ ਸਰਕਾਰ ਦੇ ਚੁਪ ਸਾਧ ਰਖਣ, ਸਗੋਂ ਪਾਕਿਸਤਾਨ ਸਰਕਾਰ ਦੇ ਕਿਸੇ ਪ੍ਰਾਈਵੇਟ ਭਾਰਤੀ ਵਫਦ ਨਾਲ ਗੱਲ ਬਾਤ ਕਰਨ ਤੋਂ ਸੰਕੋਚ ਧਾਰਨ ਦੀ ਨੀਤੀ ਅਪਨਾਉਣ ਨੇ, ਭਾਰਤ ਦੀ ਕਿਸੇ ਸਿਖ ਸੋਸਾਇਟੀ ਨੂੰ ਪਾਕਿਸਤਾਨ ਸਰਕਾਰ ਨਾਲ ਉਥੇ ਰਹੇ ਗੁਰਦੁਆਰਿਆਂ ਬਾਰੇ ਗਲ ਚਲਾਉਣ ਤੋਂ ਰਕ ਰਖਿਆ ਬਲਕਿ ਜੇ ਕਿਸੇ ਵਿਅਕਤੀ ਜਾਂ ਸਭਾ ਸੋਸਾਇਟੀ ਨੇ ਭੁੱਲ ਭੁਲੇਖੇ ਆਪਣੇ ਤੌਰ ਅਜੇਹੀ ਗੱਲ ਕੀਤੀ ਤਾਂ ਉਸ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ ਗਿਆ । ਇਸ ਪਰਥਾਏ ਭਾਰਤੀ ਨੀਤੀ ਕੁਝ ਇਸ ਕਿਸਮ ਦੀ ਬਣੀ ਰਹੀ ਕਿ ਅਸੀਂ ਕੁਝ ਕਰਨਾ ਨਹੀਂ ਅਤੇ ਹੋਰ ਕਿਸੇ ਨੂੰ ਕਰਨੇ ਨਹੀਂ ਦੇਣਾ । ਦੋਹਾਂ ਸਰਕਾਰਾਂ ਦੇ ਆਪੋ ਵਿਚਲੇ ਵਿਚਾਰ ਵਟਾਂਦਰੇ ਦੇ ਫਲ ਸਰੂਪ ਜੋ ਗੱਲ ਤੋੜ ਪਾਈ ਸੀ ਉਹ ਇਸ ਤੋਂ ਵਧ ਨਹੀਂ ਸੀ ਕਿ ਦੋਵੇ ਮੁਲਕ ਆਪੋ ਆਪਣੇ ਥਾਵੀਂ ਪਿਛੇ ਰਹੀਆਂ ਧਾਰਮਕ ਜਾਇਦਾਦਾਂ ਤੇ ਅਸਥਾਨਾਂ ਦੀ ਸੰਭਾਲ ਲਈ ਵਿਸ਼ੇਸ਼ ਵਕਫ ਬੋਰਡ (Evacuee Property Trust Board) ਸਥਾਪਤ ਕਰੇ ਜੋ ਪਿਛੇ ਰਹੇ ਮੰਦਰਾਂ ਮਸਜਦਾਂ ਗੁਰਦੁਆਰਿਆਂ ਅਤੇ ਹੋਰ ਧਾਰਮਕ ਤੇ ਸਮਾਜਕ ਅਦਾਰਿਆਂ ਅਤੇ ਉਨ੍ਹਾਂ ਨਾਲ ਸੰਬੰਧਤ ਜਾਇਦਾਦਾਂ ਦੀ ਸੰਭਾਲ ਕਰਨਗੇ । ਇਸ ਫੈਸਲੇ ਅਨੁਸਾਰ

ਭਾਰਤ ਅੰਦਰ ਰਹੀਆਂ ਮਸਜਦਾਂ ਦੀ ਸੰਭਾਲ ਲਈ ਏਥੇ ਇਕ ਵਕਫ ਬੋਰਡ ਦੀ ਸਥਾਪਨਾ ਕੀਤੀ ਗਈ ਅਤੇ ਚੂੰਕਿ ਭਾਰਤ ਅੰਦਰ ਮੁਸਲਮਾਨ ਵਸੋਂ ਦੀ ਕੋਈ ਘਾਟ ਨਹੀਂ ਸੀ ਇਸ ਲਈ ਇਹ ਵਕਫ ਬੋਰਡ ਆਮ ਕਰਕੇ ਭਾਰਤੀ ਮੁਸਲਮਾਨਾਂ ਤੇ ਹੀ ਸਮਿਲਤ ਹੈ। ਇਉਂ ਹੀ ਪਾਕਸਤਾਨ ਅੰਦਰ ਰਹੇ ਗੁਰਦੁਆਰਿਆਂ ਅਤੇ ਹੋਰ ਗੈਰ ਮੁਸਲਮ ਅਦਾਰਿਆਂ ਲਈ ਇਕ ਵਕਫ ਬੋਰਡ ਕਾਇਮ ਕੀਤਾ ਗਿਆ। ਚੂੰਕਿ ਪਾਕਿਸਤਾਨ ਅੰਦਰ ਸਿਖ ਵਸੋਂ ਨਾਮ ਮਾਤਰ ਹੀ ਹੈ, ਇਸ ਲਈ ਪਾਕਿਸਤਾਨ ਦੇ Evacuee Property Trust Board) ਦੇ ਮੈਂਬਰ ਆਮ ਕਰਕੇ ਪਾਕਿਸਤਾਨੀ ਮੁਸਲਮਾਨ ਹੀ ਹਨ। ਇਸ ਤਰ੍ਹਾਂ ਦੋਹਾਂ ਮੁਲਕਾਂ ਅੰਦਰ ਮੌਜੂਦ ਧਾਰਮਕ ਤੇ ਸਮਾਜਕ ਅਦਾਰਿਆਂ ਦੇ ਪ੍ਰਬੰਧ ਤੇ ਸੰਭਾਲ ਦੀ ਜ਼ਿਮੇਵਾਰੀ, ਭਾਵੇਂ ਉਹ ਸਿਖ ਗੁਰਦਆਰੇ ਹਨ, ਹਿੰਦੂ ਮੰਦਰ ਜਾਂ ਮੁਸਲਮਾਨੀ ਮਸਜਦਾਂ ਮੁਸਲਮਾਨ ਸਾਹਿਬਾਨ ਦੇ ਹਥ ਵਿਚ ਹੀ ਹੈ।

ਇਸ ਅਨੁਸਾਰ ਪਾਕਿਸਤਾਨ ਅੰਦਰ ਰਹੇ ਗੁਰਦੁਆਰਿਆਂ ਅਤੇ ਜਾਇਦਾਦਾਂ ਦੀ ਵੇਖ ਭਾਲ ਪਾਕਿਸਤਾਨੀ ਵਕਫ ਬੋਰਡ ਕਰਦਾ ਹੈ, ਜਿਸ ਨੇ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਸੰਭਾਲ ਹਰ ਥਾਂ ਰਖੇ ਚੌਕੀਦਾਰ ਨੂੰ ਸੌਂਪੀ ਹੋਈ ਹੈ ਅਤੇ ਇਮਾਰਤਾਂ ਦੀ ਮੁਰੰਮਤ ਆਦਿ ਸਮੇਂ ਸਮੇਂ ਕਰਾਈ ਜਾਂਦੀ ਹੈ ਅਤੇ ਇਨ੍ਹਾਂ ਉਪਰ ਹੋਇਆ ਖਰਚ ਅਤੇ ਜਾਇਦਾਦਾਂ ਤੋਂ ਹੋਈ ਆਮਦਨ ਦੇ ਹਿਸਾਬ ਕਿਤਾਬ ਲਈ ਵਕਫ ਬੋਰਡ ਜ਼ਿਮੇਂਵਾਰ ਹੈ। ਇਸ ਤੋਂ ਵਧ ਕੁਝ ਨਹੀਂ।

ਪਾਕਿਸਤਾਨ ਦੇ ਭਾਰਤ ਤੋਂ ਬਿਨਾ ਹੋਰ ਦੇਸਾਂ ਨਾਲ ਤਅੱਲਕਾਤ ਚੰਗੇਰੇ ਹੋਣ ਕਾਰਨ ਉਨ੍ਹੀਂ ਥਾਈਂ ਵਸਦੇ ਸਿਖ ਇਸ ਪਖੋਂ ਵਧੇਰੇ ਆਜ਼ਾਦ ਹਨ ਅਤੇ ਪਾਕਿਸਤਾਨ ਨਾਲ ਉਨ੍ਹਾਂ ਦਾ ਮੇਲ ਜੋਲ ਭਾਰਤੀ ਸਿਖਾਂ ਨਾਲੋਂ ਵਧੇਰੇ ਖੁੱਲ੍ਹਾ ਡੁੱਲਾ ਤੇ ਮਿਤਰਤਾ ਵਾਲਾ ਹੈ। ਇਸ ਦਾ ਲਾਭ ਲੈਂਦੇ ਹੋਏ ਯੂਨਾਈਟਿਡ ਸਟੇਟਸ ਅਮ੍ਰੀਕਾ ਵਿਚ ਜਾ ਵਸੇ ਸ੍ਰ. ਗੰਗਾ ਸਿੰਘ ਅਤੇ ਕਈ ਹੋਰ ਸਿਖਾਂ ਨੂੰ ਫੁਰੀ ਕਿ ਪਾਕਿਸਤਾਨ ਵਿਚ ਰਹੇ ਗੁਰਦੁਆਰਿਆਂ ਸੰਬੰਧੀ ਉਨ੍ਹਾਂ ਨੂੰ ਕੋਈ ਕਦਮ ਉਠਾਉਣਾ ਚਾਹੀਦਾ ਹੈ। ਇਸ ਬਾਰੇ ਸ. ਗੰਗਾ ਸਿੰਘ

ਅਤੇ ਕਈ ਹੋਰ ਸਿਖਾਂ ਨੇ ਪਾਕਿਸਤਾਨ ਜਾ ਕੇ ਦੋ ਤਿੰਨ ਵਾਰ ਕੁਝ ਗੁਰਦੁਆਰਿਆਂ ਦੀ ਯਾਤਰਾ ਵੀ ਕੀਤੀ ਅਤੇ ਪਾਕਸਤਾਨ ਸਰਕਾਰ ਤੇ ਉੱਥੇ ਬਣੇ ਵਕਫ਼ ਬੋਰਡ ਦੇ ਮੁਖੀਆਂ ਨਾਲ ਗੱਲਾਂ ਬਾਤਾਂ ਵੀ ਕੀਤੀਆਂ ।

ਸ੍. ਗੰਗਾ ਸਿੰਘ ਅੰਦਰ ਅਜੇਹਾ ਫੁਰਨਾ ਜਾਗਣਾ ਵਿਸ਼ੇਸ਼ ਕਾਰਨ ਤੋਂ ਬਿਨਾ ਨਹੀਂ ਸੀ । ਗੰਗਾ ਸਿੰਘ ਸ੍ਰੀ ਨਨਕਾਣਾ ਸਾਹਿਬ ਤੋਂ ਥੋੜੀ ਦੂਰ ਇਕ ਪਿੰਡ ਦਾ ਜੰਮਪਲ ਸੀ, ਉਸ ਨੇ ਆਪਣੀ ਮੁਢਲੀ ਸਾਰੀ ਤਾਲੀਮ ਗੁਰੂ ਨਾਨਕ ਖਾਲਸਾ ਹਾਈ ਸਕੂਲ ਨਨਕਾਣਾ ਸਾਹਿਬ ਵਿਚ ਪਾਈ ਸੀ ਅਤੇ ਇਸ ਦੌਰਾਨ ਗੁਰਦੁਆਰਾ ਜਨਮ ਅਸਥਾਨ ਨਾਲ ਸੰਬੰਧਤ ਮੇਲਿਆਂ ਮੁਸਾਹਿਦਿਆਂ ਅਤੇ ਹੋਰ ਸੇਵਾਵਾਂ ਵਿਚ ਵਧ ਚੜ੍ਹ ਕੇ ਹਿਸਾ ਲਿਆ ਹੋਇ ਸੀ, ਸਕੂਲ ਬੈਂਡ ਅਤੇ ਸਕੂਲ ਦੀ ਹਾਕੀ ਟੀਮ ਦਾ ਮੋਢੀ ਖਿਲਾੜੀ ਹੋਣ ਕਰਕੇ ਨਨਕਾਣਾ ਸਾਹਿਬ ਅੰਦਰ ਹੁੰਦੀਆਂ ਸਾਲਾਨਾ ਖੇਲਾਂ ਟੂਰਨਾਮੈਂਟ ਅਤੇ ਜਲੂਸਾਂ ਵਿਚ ਉਸ ਦਾ ਵਿਸ਼ੇਸ਼ ਭਾਗ ਸੀ । ਇਉਂ ਹੀ ਲਾਹੌਰ ਦੇ ਸਿਖ ਨੈਸ਼ਨਲ ਕਾਲਜ ਵਿਚ ਪੜ੍ਹਨ ਸਮੇਂ ਅਤੇ ਸਿਖ ਅੰਦੋਲਨਾਂ ਅੰਦਰ ਉਸ ਦਾ ਥਾਉਂ ਮੋਢੀਆਂ ਵਿਚ ਹੁੰਦਾ ਸੀ ਜਿਸ ਦੇ ਫਲ ਸਰੂਪ ਹੀ ਉਸ ਨੂੰ 1947 ਦੇ ਦੇਸ ਵੰਡ ਦੇ ਸਾਲ ਪਾਕਿਸਤਾਨੀ ਜੇਲ੍ਹ ਭੀ ਭੋਗਣੀ ਪਈ ਸੀ । ਪਰ ਇਨ੍ਹਾਂ ਸਭ ਤੋਂ ਵਧ ਗੰਗਾ ਸਿੰਘ ਦੇ ਹਿਰਦੇ ਵਿਚ ਉਸ ਦੇ ਪਿਤਾ ਸ੍: ਕਾਹਨ ਸਿੰਘ ਦੇ ਨਨਕਾਣਾ ਸਾਹਿਬ ਤੋਂ ਛੇ ਮੀਲ ਦੂਰ ਪੰਜ ਚੱਕ ਚੂਹੜਕਾਣੇ ਅੰਦਰ ਵਰਤੇ ਘਲੂਘਾਰੇ ਸਮੇਂ ਸ਼ਹੀਦ ਕੀਤੇ ਜਾਣ ਦੀ ਦੁਖਦਾਈ ਯਾਦ ਸੀ ਜਿਸ ਨੇ ਸ੍ਰੀ ਨਨਕਾਣਾ ਸਾਹਿਬ ਅਤੇ ਇਸ ਦੇ ਆਲੇ ਦੁਆਲੇ ਦੀ ਮਿਟੀ ਦੇ ਜ਼ਰਰੇ ਜ਼ਰਰੇ ਲਈ ਉਸ ਦੇ ਹਿਰਦੇ ਅੰਦਰ ਡੂੰਘਾ ਪਿਆਰ ਤੇ ਸਤਿਕਾਰ ਭਰ ਦਿਤਾ ਹੋਇਆ ਸੀ ਜਿਸ ਦੀ ਯਾਦ ਉਸ ਦੇ ਅਮ੍ਰੀਕਾ ਰਹਿਣ ਸਮੇਂ ਅਤੇ ਨਨਕਾਣਾ ਸਾਹਿਬ ਦੀ ਮੌਜੂਦਾ ਦਸ਼ਾ ਦੇ ਵਿਚਾਰ ਨੇ ਅਤਿ ਤ੍ਰਿਖੇਰੀ ਕਰ ਦਿਤੀ ਅਤੇ ਉਹ ਇਸ ਪਰਥਾਏ ਕੋਈ ਠੋਸ ਕਦਮ ਉਠਾਉਣ ਦੀ ਸੋਚ ਅੰਦਰ ਡੁਬੇ ਰਹਿਣ ਲਗਾ ।

ਆਖਰ ਸਤਿਗੁਰੂ ਨਾਨਕ ਪਾਤਸ਼ਾਹ ਨੇ ਆਪ ਹੀ ਰਾਹ ਵਿਖਾਇਆ ਤੇ ਕਈ ਸਜਣਾਂ ਮਿਤਰਾਂ ਨਾਲ ਵਿਚਾਰ ਵਟਾਂਦਰੇ ਉਪਰੰਤ ਮਿਤੀ 6 ਜੁਲਾਈ

1976 ਦੇ ਦਿਨ ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ ਨਾਮ ਦੀ ਸੰਸਥਾ ਵਾਸ਼ਿੰਗਟਨ ਅੰਦਰ ਰਜਿਸਟਰ ਕਰਾਈ ਗਈ ਜਿਸ ਦਾ ਜ਼ਾਬਤੇ ਅਨੁਕੂਲ ਸਰਟੀਫੀਕੇਟ ਮਿਤੀ 17 ਜੁਲਾਈ, 1976 ਨੂੰ ਇਸ਼ੂ ਹੋਇਆ। ਉਸ ਸਰਟੀਫੀਕੇਟ ਅਨੁਸਾਰ ਇਸ ਸੰਸਥਾ ਦੇ ਮੰਤਵ ਸਨ।

(1) ਪਾਕਿਸਤਾਨ ਅੰਦਰ ਰਹੇ ਸਿਖ ਗੁਰਦੁਆਰਿਆਂ ਅੰਦਰ ਪੂਜਾ ਪਾਠ ਕਰਨ ਅਤੇ ਬਦੇਸ਼ਾਂ ਅੰਦਰ ਵਸਦੇ ਸਿਖਾਂ ਨੂੰ ਇਨ੍ਹਾਂ ਗੁਰਦੁਆਰਿਆਂ ਦੀ ਯਾਤਰਾ ਕਰਨ ਜਾਣ ਦੀ ਆਜ਼ਾਦੀ ਹਾਸਲ ਕਰਨਾ।

(2) ਪਾਕਿਸਤਾਨ ਅੰਦਰ ਹਿ ਰਹੇ ਸਿਖ ਗੁਰਦੁਆਰਿਆਂ ਦੇ ਪ੍ਰਬੰਧ ਦਾ ਹੱਕ ਪ੍ਰਾਪਤ ਕਰਨਾ ਤਾਂ ਕਿ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਸਿਖੀ ਮਰਯਾਦਾ ਪੂਰਬਕ ਕੀਤੀ ਜਾ ਸਕੇ।

(3) ਪਰਦੇਸੀਂ ਵਸਦੇ ਸਿਖਾਂ ਵਿਚਾਲੇ ਮੇਲ ਜੋਲ ਬਣਾਏ ਰੱਖਣ ਦੇ ਸਾਧਨ ਕਰਨੇ ਅਤੇ ਬਾਹਮੀ ਸੰਪਰਕ ਅਤੇ ਵਿਚਾਰ ਵਟਾਂਦਰੇ ਦੁਆਰਾ ਉਨ੍ਹਾਂ ਦੀ ਧਾਰਮਕ ਤੇ ਸਭਿਆਚਾਰਕ ਸਥਿਤੀ ਨੂੰ ਸੰਗਠਤ ਕਰਨਾ।

(4) ਅਮਰੀਕਾ ਅਤੇ ਇਸ ਤੋਂ ਬਾਹਰ ਹੋਰ ਮੁਲਕਾਂ ਅੰਦਰ ਕੰਮ ਕਰ ਰਹੀਆਂ ਸੰਸਥਾਵਾਂ ਜਿਨ੍ਹਾਂ ਦੇ ਮੰਤਵ ਸ੍ਰੀ ਨਨਕਾਣਾ ਸਾਹਿਬ 'ਫਾਊਂਡੇਸ਼ਨ' ਦੇ ਮੰਤਵਾਂ ਦੀ ਪੂਰਤੀ ਵਿਚ ਸਹਾਇਕ ਹੋ ਸਕਦੇ ਹੋਣ, ਨਾਲ ਏਕਤਾ ਹਾਸਲ ਕਰਨੀ, ਮੇਲ ਜੋਲ ਬਣਾਏ ਰਖਣਾ ਅਤੇ ਸਹਿਯੋਗ ਲੈਣਾ ਦੇਣਾ।

(5) ਫਾਊਂਡੇਸ਼ਨ ਦੇ ਮੰਤਵਾਂ, ਆਸ਼ਿਆਂ ਅਤੇ ਕੀਤੇ ਜਾਂਦੇ ਕੰਮਾਂ ਦਾ ਸਿਖ ਸੰਸਾਰ ਨੂੰ ਜਾਣਕਾਰੀ ਦੇਂਦੇ ਰਹਿਣਾ।

'ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ ਦੇ ਨਿਯਮਾਂ ਵਿਚ ਵਿਸ਼ੇਸ਼ ਤੌਰ ਤੇ ਸਪਸ਼ਟ ਕੀਤਾ ਗਿਆ ਸੀ ਕਿ :

(1) ਫਾਊਂਡੇਸ਼ਨ ਅੰਤਰ ਰਾਸ਼ਟਰੀ ਸੰਸਥਾ ਹੋਵੇਗੀ।

(2) ਕਿਸੇ ਤਰ੍ਹਾਂ ਦੇ ਮਾਇਕ ਲਾਭਾਂ ਦੀ ਪ੍ਰਾਪਤੀ ਫਾਊਂਡੇਸ਼ਨ ਦਾ ਮੰਤਵ ਨਹੀਂ ਹੋਵੇਗਾ।

(3) ਸਿਖ ਧਰਮ ਤੇ ਸਿਖ ਰਹਿਣੀ ਵਿਚ ਵਿਸ਼ਵਾਸ਼ ਰਖਣ ਅਤੇ ਇਸ ਦੀ ਕਮਾਈ ਕਰਨ ਵਾਲਾ ਹਰ ਸਿਖ ਇਸ ਦਾ ਮੈਂਬਰ ਹੋ ਸਕੇਗਾ।

(4) ਫਾਊਂਡੇਸ਼ਨ ਗੈਰ ਸਿਆਸੀ (non-political) ਸੰਸਥਾ ਹੋਵੇਗੀ ਆਪਣੀ ਸਥਾਪਨਾ ਉਪਰੰਤ ਫਾਉਂਡੇਸ਼ਨ ਨੇ ਉਹ ਕਾਰਜ ਕਰਨੇ ਅਰੰਭੇ ਜਿਨ੍ਹਾਂ ਲਈ ਇਹ ਕਾਇਮ ਹੋਈ ਸੀ ਅਤੇ ਇਸ ਤੋਂ ਮਗਰੋਂ ਪਾਕਿਸਤਾਨ ਅੰਦਰ ਰਹੇ ਗੁਰਦੁਆਰਿਆਂ ਸੰਬੰਧੀ ਹਰ ਤਰ੍ਹਾਂ ਦੀ ਗਲਬਾਤ ਜਾਂ ਲਿਖ ਪੜ੍ਹ ਇਸ ਦੀ ਸਰਪ੍ਰਸਤੀ ਹੇਠ ਕੀਤੀ ਜਾਂਦੀ ਰਹੀ।

ਪਾਕਿਸਤਾਨ ਸਰਕਾਰ ਦੀਆਂ ਉਚ ਪੱਧਰ ਦੀਆਂ ਜ਼ਿਮੇਵਾਰ ਵਿਅਕਤੀਆਂ ਨਾਲ ਫਾਊਂਡੇਸ਼ਨ ਦੇ ਮੁਖੀਆਂ ਦੀਆਂ ਕਈ ਮਿਲਣੀਆ ਪਾਕਿਸਤਾਨ ਤੇ ਨੌ ਮਹੀਨਿਆਂ ਅੰਦਰ ਹੋਈਆਂ ਜਿਨ੍ਹਾਂ ਦੇ ਫਲਸਰੂਪ ਪਾਕਿਸਤਾਨ ਸਰਕਾਰ ਵਲੋਂ ਫਾਊਂਡੇਸ਼ਨ ਨੂੰ ਇਕ ਅੰਤਰ ਰਾਸ਼ਟਰੀ ਸਿਖ ਵਫਦ (delegation) ਪਾਕਿਸਤਾਨ ਭੇਜਣ ਲਈ ਕਿਹਾ ਗਿਆ। ਇਹ ਪੰਜ ਮੈਂਬਰੀ ਵਫਦ ਪਹਿਲੀ ਅਕਤੂਬਰ ਤੋਂ 16 ਅਕਤੂਬਰ, 1979 ਤਕ ਪਾਕਿਸਤਾਨ ਰਿਹਾ। ਇਸ ਸੰਬੰਧ ਵਿਚ ਵਫਦ ਵਲੋਂ ਜੋ ਸੰਖੇਪ ਰਿਪੋਰਟ ਲਿਖੀ ਗਈ ਇਸ ਦਾ ਉਤਾਰਾ ਸ੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਨੂੰ ਭੀ ਭੇਜਿਆ ਗਿਆ ਜੋ ਏਥੇ ਦਰਜ ਕੀਤੀ ਜਾਂਦੀ ਹੈ ਤਾਂ ਕਿ ਸਾਰਾ ਸਿਖ ਸੰਸਾਰ ਜਿਸ ਦੇ ਹਿਰਦੇ ਵਿਚੋਂ ਬੀਤੇ 42 ਸਾਲ ਸਵੇਰੇ ਸ਼ਾਮ ਸਤਿਗੁਰ ਦੇ ਹਜ਼ੂਰ ਅਰਦਾਸ ਕੀਤੀ ਜਾਂਦੀ ਰਹੀ ਹੈ ਕਿ 'ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰੇ ਜਿਨਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ ਦੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ' ਹੁਣ ਤਕ ਹੋਈ ਕਾਰਵਾਈ ਤੋਂ ਜਾਣੂ ਹੋ ਸਕੇ।

ਇਹ ਰੀਪੋਰਟ ਇਸ ਪ੍ਰਕਾਰ ਹੈ :

ਪਾਕਿਸਤਾਨ ਵਿਚਲੇ ਇਤਿਹਾਸਕ ਗੁਰਦੁਆਰਿਆਂ ਸਬੰਧੀ ਪਾਕਿਸਤਾਨ ਸਰਕਾਰ ਨਾਲ ਵਿਚਾਰ ਵਟਾਂਦਰਾ ਕਰਨ ਹਿੱਤ ਪਾਕਿਸਤਾਨ ਪਧਾਰੇ ਅੰਤਰ ਰਾਸਟਰੀ ਸਿੱਖ ਡੈਲੀਗੇਸ਼ਨ ਦੀ :

# ਗੱਲਬਾਤ ਦਾ ਨਿਚੋੜ :

ਅਮਰੀਕਾ ਵਿਚ ਸਥਾਪਤ ਹੋਏ ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ ਦੀ ਸਰਪਰਸਤੀ ਹੇਠ ਵਾਸ਼ਿੰਗਟਨ ਨਿਵਾਸੀ ਸ: ਗੰਗਾ ਸਿੰਘ ਅਤੇ ਕਈ ਹੋਰ ਸਿੱਖ ਮੁਖੀਆਂ ਦੀ ਪਾਕਿਸਤਾਨ ਸਰਕਾਰ ਦੇ ਸਦਰ ਜ਼ਨਰਲ ਜ਼ੀਉਲ-ਹੱਕ ਨਾਲ ਇਸਲਾਮਾਬਾਦ ਅਤੇ ਨਿਊਯਾਰਕ ਵਿਚ ਦੋ ਤਿੰਨ ਵਾਰ ਹੋਈ ਗੱਲਬਾਤ ਅਤੇ ਸਦਰ ਸਾਹਿਬ ਪਾਕਿਸਤਾਨ ਦੀ ਇੱਛਾ ਅਨੁਸਾਰ ਨਵਾਬਜ਼ਾਦਾ ਇਫ਼ਤ-ਖਾਰ ਅਹਿਮਦ ਅਨੁਸਾਰੀ ਮੰਤਰੀ ਰਿਲੀਜਸ ਐਫੇਅਰਜ਼ ਐਂਡ ਮਾਈਨਾਰਿਟੀਜ਼ ਦੇ ਮਿਤੀ 7 ਤੋਂ 8 ਜਨਵਰੀ, 1979 ਨੂੰ ਗੰਗਾ ਸਿੰਘ ਨਾਲ ਹੋਏ ਵਿਚਾਰ ਵਟਾਂਦਰਿਆਂ ਅੰਦਰ ਇਹ ਗੱਲ ਨਿਸ਼ਚੇ ਹੋਈ ਸੀ ਕਿ :—

1. ਪਾਕਿਸਤਾਨ ਅੰਦਰ ਰਹਿ ਗਏ ਸਿੱਖ ਗੁਰਦੁਆਰਿਆਂ ਦੀ ਸੰਭਾਲ ਅਤੇ ਉਹਨਾਂ ਦੀ ਧਾਰਮਿਕ ਪਵਿੱਤਰਤਾ ਨੂੰ ਕਾਇਮ ਰੱਖਣ ਵੱਲ ਪਾਕਿਸਤਾਨ ਸਰਕਾਰ ਪੂਰਾ ਧਿਆਨ ਦੇਵੇਗੀ।

2. ਗੁਰਦੁਆਰਿਆਂ ਦੀ ਯਾਤਰਾ ਲਈ ਪ੍ਰਦੇਸਾਂ ਤੋਂ ਆਉਣ ਵਾਲੇ ਯਾਤਰੂਆਂ ਨੂੰ ਵਧੇਰੀਆਂ ਸਹੂਲਤਾਂ ਦਿਤੀਆਂ ਜਾਣਗੀਆਂ।

3. ਸ: ਗੰਗਾ ਸਿੰਘ ਸਿਖ ਸੰਸਾਰ ਨੂੰ ਇਹ ਗੱਲ ਸਪਸ਼ਟ ਕਰ ਦੇਵੇ ਕਿ ਪਾਕਿਸਤਾਨ ਸਰਕਾਰ ਘੱਟ ਗਿਣਤੀ ਕੌਮਾਂ ਦੇ ਹੱਕ ਹਕੂਕ ਸੁਰੱਖਿਅਤ ਕਰਨਾ ਆਪਣਾ ਇਸਲਾਮੀ ਫਰਜ਼ ਸਮਝਦੀ ਹੈ।

4. ਪਾਕਿਸਤਾਨ ਅੰਦਰ ਰਹਿ ਗਈਆਂ ਜਾਇਦਾਦਾਂ ਦੀ ਸੰਭਾਲ ਵਿਚ ਹੋਈਆਂ ਬੇਕਾਇਦਗੀਆਂ ਖਤਮ ਕੀਤੀਆਂ ਜਾਣਗੀਆਂ ਅਤੇ ਸਿੱਖ ਅਸਥਾਨਾਂ ਦੀ ਸੇਵਾ ਸੰਭਾਲ ਸਿੱਖ ਕੌਮ ਦੀ ਸਲਾਹ ਨਾਲ ਅਤੇ ਉਨ੍ਹਾਂ ਦੀ ਪੂਰੀ ਤਸੱਲੀ ਅਨੁਕੂਲ ਕੀਤੀ ਜਾਵੇਗੀ।

ਇਸ ਸਬੰਧੀ ਹੋਰ ਵਧੇਰੇ ਵਿਚਾਰ ਵਟਾਂਦਰਾ ਕਰਨ ਲਈ ਸ: ਗੰਗਾ ਸਿੰਘ ਨੂੰ ਕਿਹਾ ਗਿਆ ਕਿ ਉਹ ਸਿੱਖਾਂ ਦੇ ਪ੍ਰਤੀਨਿਧ ਡੈਲੀਗੇਸ਼ਨ ਸਹਿਤ ਪਾਕਿਸਤਾਨ ਆਵੇ ਅਤੇ ਸਾਰੇ ਸਿੱਖ ਸੰਸਾਰ ਵਿਚੋਂ ਡੈਲੀਗੇਟ ਚੁਣ ਕੇ ਉਨ੍ਹਾਂ

ਦੇ ਨਾਮ ਪਾਕਿਸਤਾਨ ਸਰਕਾਰ ਨੂੰ ਲਿਖ ਭੇਜੇ । ਸ: ਗੰਗਾ ਸਿੰਘ ਨੇ ਵਜ਼ੀਰ ਸਾਹਿਬ ਨੂੰ ਉਸ ਸਮੇਂ ਨੋਟ ਕਰਾਇਆ ਸੀ ਕਿ ਪਾਕਿਸਤਾਨ ਸਰਕਾਰ ਦੇ ਮੁਲਾਜ਼ਮ ਗੁਰਦੁਆਰਿਆਂ ਦੀ ਇਮਾਰਤਾਂ ਦੀ ਸੰਭਾਲ ਤਾਂ ਠੀਕ ਕਰ ਸਕਦੇ ਹੋਣਗੇ, ਪ੍ਰੰਤੂ ਗੁਰਦੁਆਰਿਆਂ ਅੰਦਰਲੀ ਸਿੱਖੀ ਮਰਯਾਦਾ ਅਤੇ ਪਵਿੱਤਰਤਾ ਕੇਵਲ ਸਿੱਖ ਹੀ ਕਾਇਮ ਰੱਖ ਸਕਦੇ ਹਨ ਜਿਸ ਲਈ ਹਰ ਗੁਰਦੁਆਰੇ ਅੰਦਰ ਘਟੋਂ ਘੱਟ ਪੰਜ ਸੇਵਾਦਾਰਾਂ ਦਾ ਰੱਖਿਆ ਜਾਣਾ ਅਤਿਅੰਤ ਜ਼ਰੂਰੀ ਹੈ ।

19 ਜਨਵਰੀ, 1979 ਨੂੰ ਨਵਾਬਜ਼ਾਦਾ ਅਨੁਸਾਰੀ ਨੇ ਨਨਕਾਣਾ ਸਾਹਿਬ ਵਿਖੇ ਪਬਲਿਕ ਜਲਸੇ ਅੰਦਰ ਅਮਾਮ ਜਾਮਿਆਂ ਮਸਜਦ ਦਿੱਲੀ ਦੀ ਹਾਜ਼ਰੀ ਵਿਚ ਮੁੜ ਉਕਤ ਗੱਲਾਂ ਦੇ ਪਾਕਿਸਤਾਨ ਸਰਕਾਰ ਵਲੋਂ ਕੀਤੇ ਜਾਣ ਦਾ ਭਰੋਸਾ ਦਿਵਾਇਆ ਅਤੇ ਦਸਿਆ ਕਿ ਸਰਕਾਰ ਇਸ ਕਾਰਜ ਲਈ ਸਿਖਾਂ ਦੀ ਇਕ ਸਲਾਹਕਾਰ ਕਮੇਟੀ ਨੀਯਤ ਕਰ ਰਹੀ ਹੈ ।

ਉਪਰੰਤ ਸਦਰ ਜਨਰੈਲ ਜ਼ੀ-ਉਲ-ਹੱਕ ਦੀ ਸ: ਗੰਗਾ ਸਿੰਘ ਅਤੇ ਕਈ ਹੋਰ ਸਿਖ ਪ੍ਰਤੀਨਿਧਾਂ ਨਾਲ ਹੋਈ ਮਿਲਣੀ ਸਮੇਂ, ਸ: ਗੰਗਾ ਸਿਘ ਦੀ ਦੀ ਮੰਗ ਤੇ ਕਿ ਪਾਕਿਸਤਾਨੀ ਗੁਰਦੁਆਰਿਆਂ ਦੇ ਪ੍ਰਬੰਧ ਹਿੱਤ ਬਣਾਈ ਜਾਣ ਵਾਲੀ ਕਮੇਟੀ ਵਿਚ ਭਾਰਤ ਨਿਵਾਸ਼ੀ ਸਿੱਖਾਂ ਦੀ ਪ੍ਰਤੀਨਿਧਾਤਾ ਹੋਣੀ ਜ਼ਰੂਰੀ ਹੈ; ਜਨਰਲ ਸਾਹਿਬ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਇਹ ਗੱਲ ਪਰਵਾ-ਨ ਕਰਦੀ ਹੈ ਅਤੇ ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ ਨੂੰ ਗੁਰਦੁਆਰਿਆਂ ਦੇ ਪ੍ਰਬੰਧ ਹਿੱਤ ਬਨਣ ਵਾਲੀ ਕਮੇਟੀ ਲਈ ਭਾਰਤੀ ਪ੍ਰਤੀਨਿਧਾਂ ਦੇ ਨਾਮ ਭੇਜਣ ਲਈ ਸੱਦਾ ਦੇਂਦੀ ਹੈ ।

ਉਪਰੰਤ 27 ਅਪਰੈਲ 1979 ਨੂੰ ਅਮਰੀਕਾ ਅੰਦਰ ਨਿਯੁਕਤ ਪਾਕਿਸਤਾਨੀ ਐਂਬੈਸੀ ਵਲੋਂ ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ ਨੂੰ ਲਿਖਿ-ਆ ਗਿਆ ਕਿ ਉਹ ਸਿਖ ਸੰਸਾਰ ਵਿਚੋਂ ਪੰਜ ਮੈਂਬਰੀ ਡੈਲੀਗੇਸ਼ਨ ਦੇ ਨਾਮ ਪਤੇ ਲਿਖ ਭੇਜੇ । ਇਸ ਗਲ ਦੀ ਪੁਸ਼ਟੀ 30 ਅਪਰੈਲ ਦੀ ਹੋਰ ਲਿਖੀ ਚਿਠੀ ਅੰਦਰ ਕਰਦੇ ਹੋਏ ਐਂਬੈਸੀ ਵਲੋਂ ਸੂਚਿਤ ਕੀਤਾ ਗਿਆ ਕਿ ਇਸ ਡੈਲੀਗੇਸ਼ਨ ਨੂੰ ਮਿਲਣ ਦੀ ਤਿਆਰ ਲਈ ਪਾਕਿਸਤਾਨ ਸਰਕਾਰ ਨੂੰ ਦੋ

ਮਹੀਨੇ ਦਾ ਸਮਾਂ ਚਾਹੀਦਾ ਹੈ ।

ਫਾਊਂਡੇਸ਼ਨ ਨੇ ਪਾਕਿਸਤਾਨ ਸਰਕਾਰ ਦੀ ਇਸ ਦਾਅਵਤ ਤੇ ਖੁਸ਼ੀ ਪ੍ਰਗਟ ਕਰਦੇ ਹੋਏ 4 ਮਈ, 1979 ਨੂੰ ਸੰਸਾਰ ਭਰ ਵਿਚੋਂ ਪੰਜ ਸਿੱਖ ਡੈਲੀਗੇਟਾਂ ਦੇ ਨਾਮ ਪਤੇ ਭੇਜ ਦਿਤੇ ਅਤੇ ਪ੍ਰਧਾਨ ਸਾਹਿਬ ਸ਼੍ਰੋਮਣੀ ਗੁ. ਪ੍ਰੰ: ਕਮੇਟੀ ਸ: ਗੁਰਚਰਨ ਸਿੰਘ ਜੀ ਟੌਹੜਾ ਦੀ ਸਲਾਹ ਨਾਲ ਭਾਰਤ ਵਿਚੋਂ ਸ: ਨਰੈਣ ਸਿੰਘ ਸਾਬਕਾ ਮੈਨੇਜਰ ਸ੍ਰੀ ਨਨਕਾਣਾ ਸਾਹਿਬ ਦਾ ਨਾਮ ਲਿਆ ਗਿਆ ਬਲਕਿ ਪ੍ਰਧਾਨ ਜੀ ਨੇ ਖੁਦ ਸ: ਨਰੈਣ ਸਿੰਘ ਨੂੰ ਇਸ ਡੈਲੀਗੇਸ਼ਨ ਵਿਚ ਸ਼ਾਮਲ ਹੋਣ ਲਈ ਪੱਤਰ ਲਿਖਿਆ ।

ਪਹਿਲੀ ਸਤੰਬਰ 1979 ਨੂੰ ਸਦਰ ਸਾਹਿਬ ਪਾਕਿਸਤਾਨ ਨੇ ਨਿਊ-ਯਾਰਕ ਅੰਦਰ ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ ਦੇ ਕੁਝ ਪ੍ਰਤੀਨਿਧਾਂ ਨੂੰ ਡੈਲੀਗੇਸ਼ਨ ਦੇ ਪਾਕਿਸਤਾਨ ਪਹੁੰਚਣ ਦੀ ਤਾਰੀਖ ਲਿਖ ਭੇਜਣ ਲਈ ਕਿਹਾ ਅਤੇ ਨਾਲ ਹੀ ਇਹ ਗਲ ਫਿਰ ਦੁਹਰਾਈ ਕਿ ਸਾਡਾ ਇਹ ਇਸਲਾਮੀ ਫਰਜ਼ ਹੈ ਅਤੇ ਐਸੀ ਹਿਦਾਇਤ ਕੁਰਾਨ ਮਜੀਦ ਵਿਚ ਕੀਤੀ ਗਈ ਹੋਈ ਹੈ ਕਿ ਗੈਰ ਮਜ਼ਹਬਾਂ ਦੀਆਂ ਇਬਾਦਤਗਾਹਾਂ ਦਾ ਪੂਰਾ ਸਤਿਕਾਰ ਤੇ ਉਨ੍ਹਾਂ ਦੀ ਮਰਯਾਦਾ ਕਾਇਮ ਰੱਖੀ ਜਾਵੇ ।

ਚੁਨਾਂਚਿ 12 ਸਤੰਬਰ, 1979 ਨੂੰ ਪਾਕਿਸਤਾਨੀ ਐਂਬੈਸੀ (ਵਾਸ਼ਿੰਗਟਨ) ਨੂੰ ਸਿੱਖ ਡੈਲੀਗੇਸ਼ਨ ਦੇ ਨਾਮ ਅਤੇ ਉਨ੍ਹਾਂ ਦੇ ਪਾਕਿਸਤਾਨ ਪਹੁੰਚਣ ਦੀ ਤਾਰੀਖ ਆਦਿ ਤੋਂ ਸੂਚਿਤ ਕੀਤਾ ਗਿਆ ਅਤੇ ਪਹਿਲੀ ਅਕਤੂਬਰ ਨੂੰ ਇਹ ਡੈਲੀਗੇਸ਼ਨ ਪਾਕਿਸਤਾਨ ਪੁਜਾ । ਇਸ ਵਿਚ ਸ਼ਾਮਲ ਸਨ :—

1. ਸ: ਗੰਗਾ ਸਿੰਘ ਵਾਸ਼ਿੰਗਟਨ ਅਮਰੀਕਾ
2. ਸ: ਗੁਰਬਚਨ ਸਿੰਘ ਗਿੱਲ, ਇੰਗਲੈਂਡ
3. ਸ: ਮਿਹਰਵਾਨ ਸਿੰਘ ਸਿੰਗਾਪੁਰ
4. ਸ: ਨਰਿੰਦਰ ਸਿੰਘ ਸੇਠੀ, ਜਾਪਾਨ
5. ਸ: ਨਰੈਣ ਸਿੰਘ, ਭਾਰਤ

ਡੈਲੀਗੇਸ਼ਨ ਦੇ ਮੈਂਬਰਾਂ ਦਾ ਸਰਕਾਰ ਪਾਕਿਸਤਾਨ ਵਲੋਂ ਸੁਆਗਤ ਕੀਤਾ

ਗਿਆ ਅਤੇ ਇਹਨਾਂ ਦੇ ਰਹਿਣ ਦਾ ਪ੍ਰਬੰਧ ਇਸਲਾਮਾਬਾਦ ਅੰਦਰ ਕੀਤੇ ਜਾਣ ਤੋਂ ਇਲਾਵਾ ਇਹਨਾਂ ਨੂੰ ਸ੍ਰੀ ਨਨਕਾਣਾ ਸਾਹਿਬ ਦੇ ਸਾਰੇ ਗੁਰਦੁਆਰਿਆਂ, ਸ੍ਰੀ ਪੰਜਾ ਸਾਹਿਬ, ਲਾਹੌਰ ਅੰਦਰ ਸ੍ਰੀ ਡੇਹਰਾ ਸਾਹਿਬ, ਸ਼ਹੀਦ ਗੰਜ ਸਿੰਘਣੀਆਂ ਅਤੇ ਜਨਮ ਅਸਥਾਨ ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰਾਏ ਗਏ । ਇਨ੍ਹਾਂ ਗੁਰਦੁਆਰਿਆਂ, ਦੀਆਂ ਇਮਾਰਤਾਂ ਦੀ ਹਾਲਤ ਸਮੁੱਚੇ ਤੌਰ ਤੇ ਤਸੱਲੀ ਬਖਸ਼ ਸੀ । ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਗੁ: ਸ੍ਰੀ ਪੰਜਾ ਸਾਹਿਬ ਅਤੇ ਗੁ: ਡੇਹਰਾ ਸਾਹਿਬ ਅੰਦਰ ਮਰਯਾਦਾ ਅਨਕੂਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੀ ਸੇਵਾ ਲਈ ਇਕ ਇਕ ਗ੍ਰੰਥੀ ਮੌਜੂਦ ਹੈ, ਪਰੰਤੂ ਬਾਕੀ ਸਾਰੇ ਗੁਰਦੁਆਰੇ ਬਿਨਾ ਪ੍ਰਕਾਸ਼ ਹਨ, ਕੇਵਲ ਝਾੜੂ ਦੀਵੇ ਤੇ ਰਾਖੀ ਦੀ ਸੇਵਾ ਚੌਕੀਦਾਰਾਂ ਦੇ ਜ਼ਿੰਮੇ ਹੈ ।

ਇਸਲਾਮਾਬਾਦ ਰਹਿਣ ਦੇ ਦੌਰਾਨ ਡੈਲੀਗੇਸ਼ਨ ਨੂੰ ਪਾਕਿਸਤਾਨ ਸਰਕਾਰ ਦੇ ਸਬੰਧਤ ਕਰਮਚਾਰੀਆਂ (ਸਕੱਤਰ, ਜਾਇੰਟ ਸਕੱਤਰ ਅਤੇ ਪਾਕਿਸਤਾਨ ਵਕਫ ਬੋਰਡ ਦੇ ਚੇਅਰਮੈਨ) ਅਤੇ ਸਬੰਧਤ ਵਜ਼ੀਰ ਨਾਲ ਮਿਲਣੀਆਂ ਅਤੇ ਵਿਚਾਰ ਵਟਾਂਦਰੇ ਦੇ ਅਵਸਰ ਪ੍ਰਾਪਤ ਹੋਏ ਅਤੇ ਸਦਰ ਜਨਰਲ ਜ਼ੀਆ-ਉਲ-ਹੱਕ ਨਾਲ ਭੀ ਵਿਸ਼ੇਸ਼ ਮਿਲਣੀ ਹੋਈ, ਜਿਸ ਵਿਚ ਬੜੇ ਸਪਸ਼ਟ ਸ਼ਬਦਾਂ ਵਿਚ ਇਹ ਗੱਲ ਉਨ੍ਹਾਂ ਵਲੋਂ ਦੁਹਰਾਈ ਗਈ ਕਿ ਪਾਕਿਸਤਾਨ ਸਰਕਾਰ ਗੁਰਦੁਆਰਿਆਂ ਦੀ ਸੇਵਾ ਸੰਭਾਲ ਅਤੇ ਸਿਖੀ ਮਰਯਾਦਾ ਕਾਇਮ ਰੱਖਣ ਲਈ ਸਿੱਖਾਂ ਦਾ ਸਹਿਯੋਗ ਪ੍ਰਾਪਤ ਕਰਨਾ ਚਾਹੁੰਦੀ ਹੈ ਅਤੇ ਸੇਵਾ ਸੰਭਾਲ ਅਤੇ ਸਿੱਖ ਯਾਤਰੂਆਂ ਦੇ ਗੁਰਦੁਆਰਿਆ ਦੇ ਦਰਸ਼ਨਾ ਲਈ ਆਉਣ ਵਾਸਤੇ ਹਰ ਤਰ੍ਹਾਂ ਸਹੂਲਤ ਦੇਵੇਗੀ ।

ਇਕ ਗੱਲ ਜੋ ਸਰਕਾਰੀ ਕਰਮਚਾਰੀਆਂ ਅਤੇ ਸਬੰਧਤ ਵਜ਼ੀਰ ਵਲੋਂ ਡੈਲੀਗੇਸ਼ਨ ਨੂੰ ਕਹੀ ਗਈ ਅਤੇ ਜਿਸ ਨੂੰ ਸਦਰ ਪਾਕਿਸਤਾਨ ਨੇ ਵੀ ਦੁਹਰਾਇਆ ਉਹ ਇਹ ਸੀ ਕਿ ਪਾਕਿਸਤਾਨ ਸਰਕਾਰ ਗੁਰਦੁਆਰਿਆਂ, ਮੰਦਰਾਂ ਅਤੇ ਮਸਜਦਾਂ ਸਬੰਧੀ ਭਾਰਤ ਸਰਕਾਰ ਨਾਲ ਵਚਨ ਬਧ ਹੈ, ਜਿਸ

ਦੇ ਲਈ ਦੋਹਾਂ ਸਰਕਾਰਾਂ ਵਿਚਾਲੇ ਅਹਿਦ ਕੀਤੇ ਗਏ ਹਨ। ਉਹਨਾਂ ਅਹਿਦਨਾਮਿਆਂ ਦੀਆਂ ਧਰਾਵਾਂ ਅਧੀਨ ਕਿਸ਼ੇ ਪ੍ਰਾਈਵੇਟ ਸੰਸਥਾ ਨਾਲ ਕੋਈ ਅਹਿਦਨਾਮਾਂ ਲਿਖਤੀ ਰੂਪ ਵਿਚ ਕੀਤਾ ਜਾਣਾ ਤਾਂ ਸੰਭਵ ਨਹੀਂ, ਉਸ ਵਿਚ ਕਿਸੇ ਤਰ੍ਹਾਂ ਕਈ ਤਰਮੀਮ ਕੀਤੇ ਜਾਣ ਲਈ ਭਾਰਤ ਸਰਕਾਰ ਹੀ ਪਾਕਿਸਤਾਨ ਸਰਕਾਰ ਨੂੰ ਲਿਖ ਸਕਦੀ ਹੈ ਅਤੇ ਅਜਿਹਾ ਹੋਣ ਦੀ ਹਾਲਤ ਵਿਚ ਪਾਕਿਸਤਾਨ ਸਰਕਾਰ ਹੀ ਚੁੱਕੇ ਅਹਿਦਨਾਮਿਆਂ ਵਿਚ ਤਰਮੀਮ ਕਰ ਸਕਦੀ ਹੈ। ਜਿਥੋਂ ਤਕ ਗੁਰਦੁਆਰਿਆਂ ਦੀਆਂ ਜਾਇਦਾਦਾਂ ਦਾ ਸਵਾਲ ਹੈ ਇਹ ਉਨ੍ਹਾਂ ਅਹਿਦਨਾਮਿਆਂ ਵਿਚ ਅੰਕਤ ਹੈ ਅਤੇ ਉਸ ਦੀ ਪੂਰਤੀ ਲਈ ਪਾਕਿਸਤਾਨ ਸਰਕਾਰ ਨੇ ਪਾਕਿਸਤਾਨ ਵਕਫ਼ ਬੋਰਡ ਸਥਾਪਿਆ ਹੋਇਆ ਹੈ ਜੋ ਗੁਰਦੁਆਰਿਆਂ ਦੇ ਪ੍ਰਬੰਧ **ਲਈ** ਜ਼ਿੰਮੇਵਾਰ ਹੈ।

ਪ੍ਰੰਤੂ ਜਿਥੋਂ ਤੱਕ ਗੁਰਦੁਆਰਿਆ ਦੀ ਪਵਿੱਤਰਤਾ ਅਤੇ ਸਿੱਖ ਮਰਯਾਦਾ ਨੂੰ ਕਾਇਮ ਰੱਖਣ ਅਤੇ ਯਾਤਰੂਆਂ ਨੂੰ ਸਹੂਲਤਾਂ ਦੇਣ ਦਾ ਸਵਾਲ ਹੈ, ਪਾਕਿਸਤਾਨ ਸਰਕਾਰ ਸਿੱਖਾਂ ਦਾ ਸਹਿਯੋਗ ਸਲਾਹ ਤੇ ਸੁਝਾਓ ਮੰਨਣ ਨੂੰ ਤਿਆਰ ਹੈ। ਜਿਸ ਦੇ ਲਈ ਅਸੀਂ ਹਰ ਸਿੱਖ ਸੰਸਥਾ ਦਾ ਸਹਿਯੋਗ ਲੈਣ ਲਈ ਤਿਆਰ ਹਾਂ ਅਤੇ 'ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ' ਦੇ ਇਸ ਸਬੰਧੀ ਕੀਤੇ ਜਤਨਾਂ ਦੀ ਅਸੀਂ ਖ਼ਾਸ ਤੌਰ ਤੇ ਪ੍ਰਸੰਸਾ ਕਰਦੇ ਹਾਂ।

ਅਗਰ ਕਿਸੇ ਗੁਰਦੁਆਰੇ ਅੰਦਰ ਸੇਵਾਦਾਰ ਗ੍ਰੰਥੀ ਆਦਿ ਮਾਕੂਲ ਗਿਣਤੀ ਵਿਚ ਮੌਜੂਦ ਨਹੀਂ ਤਾਂ ਵਕਫ਼ ਬੋਰਡ ਦੀ ਸਲਾਹ ਨਾਲ ਇਨ੍ਹਾਂ ਦੀ ਗਿਣਤੀ ਵਧਾਈ ਜਾ ਸਕਦੀ ਹੈ। ਇਸ ਬਾਰੇ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਅਜਿਹੇ ਸੇਵਾਦਾਰ ਪਾਕਿਸਤਾਨ ਨਿਵਾਸੀ ਸਿੱਖਾਂ ਵਿਚੋਂ ਲਏ ਜਾਣ, ਪ੍ਰੰਤੂ ਜੇ ਏਥੇ ਯੋਗ ਸੱਜਣ ਲੋੜੀਂਦੀ ਗਿਣਤੀ ਵਿਚ ਨਾ ਮਿਲਣ ਤਾਂ ਪ੍ਰਦੇਸਾਂ ਅੰਦਰੋਂ ਵਕਫ਼ ਬੋਰਡ ਦੀ ਪ੍ਰਵਾਨਗੀ ਨਾਲ ਹੋਰ ਸੇਵਾਦਾਰ ਆਦਿ ਲਿਆਂਦੇ ਜਾਣ।

ਪਾਕਿਸਤਾਨ ਸਰਕਾਰ ਗੁਰਦੁਆਰਿਆਂ ਨੂੰ ਹੋਰ ਸਹੂਲਤਾ ਬਾਹਮ ਪਹੁੰਚਾਉਣ ਲਈ ਹਮੇਸ਼ਾਂ ਜਤਨਸ਼ੀਲ ਰਹੇਗੀ ਅਤੇ ਜਿਥੇ ਆਦਰਸ਼ ਦੀ

ਪੂਰਨੀ ਲਈ ਵਾਰ ਵਾਰ ਸੋਚ ਵਿਚਾਰ ਕਰਦੀ ਰਹੇਗੀ। ਅਗਰ ਕੋਈ ਸਿੱਖ ਸੰਸਥਾਵਾਂ ਪਾਕਿਸਤਾਨੀ ਗੁਰਦੁਆਰਿਆਂ ਦੀ ਹਾਲਤ ਨੂੰ ਚੰਗੇਰਾ ਬਨਾਉਣ ਲਈ ਕਿਸੇ ਤਰ੍ਹਾਂ ਦੀ ਸਹਾਇਤਾ ਦਾਨ ਆਦਿ ਦੇਣਗੀਆਂ ਤਾਂ ਅਜਿਹੀ ਸਹਾਇਤਾ ਉਸ ਕੰਮ ਹਿੱਤ ਵਰਤੀ ਜਾਵੇਗੀ, ਜਿਸ ਲਈ ਇਹ ਹੋਵੇਗੀ।

ਪਾਕਿਸਤਾਨੀ ਗੁਰਦੁਆਰਿਆਂ ਅੰਦਰ ਸਿੱਖਾਂ ਦੇ ਵਿਸ਼ੇਸ਼ ਮਜ਼ਹਬੀ ਤਿਉਹਾਰਾਂ ਦੇ ਪਰੋਗਰਾਮਾਂ ਨੂੰ ਪਾਕਿ: ਰੇਡੀਓ ਅਤੇ ਟੈਲੀਵੀਜ਼ਨ ਤੋਂ ਨਸ਼ਰ ਕਰਨ ਦਾ ਪ੍ਰਬੰਧ ਸਰਕਾਰ ਕਰਦੀ ਰਹੇਗੀ।

ਅਸੀਂ ਚਾਹੁੰਦੇ ਹਾਂ ਕਿ ਗੁਰਦੁਆਰਿਆਂ ਦੀ ਸੇਵਾ ਸੰਭਾਲ ਅਤੇ ਪਵਿੱਤਰਤਾ ਨੂੰ ਸਿੱਖ ਪਰੰਪਰਾ ਅਨੁਕੂਲ ਕਾਇਮ ਰੱਖਿਆ ਜਾਵੇ।

ਉਕਤ ਵਿਚਾਰ ਸਦਰ ਜ਼ੀ ਉਲ-ਹੱਕ ਵਲੋਂ ਸ: ਗੰਗਾ ਸਿੰਘ ਨੂੰ ਲਿਖੀ ਇਕ ਨਿਜੀ ਚਿਠੀ ਮਿਤੀ 13.10.79 ਵਿਚ ਸਪਸ਼ਟ ਰੂਪ ਵਿਚ ਪ੍ਰਗਟਾਏ ਗਏ ਹਨ, ਜਿਸ ਦੇ ਆਧਾਰ ਤੇ ਸ: ਗੰਗਾ ਸਿੰਘ ਵਲੋਂ ਇਕ ਪੱਤਰ ਸਦਰ ਸਾਹਿਬ ਪਾਕਿਸਤਾਨ ਅਤੇ ਸਬੰਧਤ ਮਨਿਸਟਰੀ ਨੂੰ ਲਿਖਿਆ ਗਿਆ ਹੈ, ਜਿਸ ਵਿਚ ਹੇਠ ਲਿਖੇ ਅਨੁਸਾਰ ਮੰਗ ਕੀਤੀ ਗਈ ਹੈ:

1. ਸਰੇ ਦਸਤ ਹੇਠ ਲਿਖੇ ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਤੇ ਸਿੱਖ ਪਰੰਪਰਾ ਅਨੁਸਾਰ ਸਵੇਰੇ-ਸ਼ਾਮ ਦੇ ਨਿਤਨੇਮ ਕੀਤੇ ਜਾਣ ਦਾ ਪ੍ਰਬੰਧ ਕੀਤਾ ਜਾਵੇ ਅਤੇ ਗ੍ਰੰਥੀ ਸਿੰਘ ਨਿਯੁਕਤਿਆ ਜਾਵੇ।

   (ੳ) ਗੁਰਦੁਆਰਾ ਜਨਮ ਅਸਥਾਨ ਅਤੇ ਨਨਕਾਣਾ ਸਾਹਿਬ ਅੰਦਰਲੇ ਛੇ ਹੋਰ ਗੁਰਦੁਆਰੇ।

   (ਅ) ਗੁਰਦੁਆਰਾ ਡੇਹਰਾ ਸਾਹਿਬ ਅਤੇ ਲਾਹੌਰ ਦੇ ਗੁਰਦੁਆਰੇ ਸ਼ਹੀਦ ਗੰਜ ਸਿੰਘਣੀਆਂ ਅਤੇ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ।

   (ੲ) ਗੁ: ਪੰਜਾ ਸਾਹਿਬ

   (ਸ) ਗੁ: ਕਰਤਾਰ ਪੁਰ ਸਾਹਿਬ

(ਹ) ਗੁ: ਸੱਚਾ ਸੌਦਾ, ਚੂਹੜਕਾਣਾ

(ਕ) ਗੁ: ਰੋੜੀ ਸਾਹਿਬ ਏਮਨਾਬਾਦ

(ਖ) ਗੁ: ਬਾਬੇ ਦੀ ਬੇਰ ਸਿਆਲਕੋਟ ।

2. ਹੇਠ ਲਿਖੇ ਗੁਰਦੁਆਰਿਆ ਵਿਚ ਸਵੇਰੇ ਸਾਮ ਕੀਰਤਨ ਚਾਲੂ ਕੀਤਾ ਜਾਵੇ ਅਤੇ ਘਟੋ ਘੱਟ ਤਿੰਨ ਰਾਗੀਆਂ ਤੇ ਮੁਸ਼ਤਮਿਲ ਜਥੇ ਰੱਖੇ ਜਾਣ:

(ੳ) ਗੁ: ਜਨਮ ਅਸਥਾਨ ਨਨਕਾਣਾ ਸਾਹਿਬ ।

(ਅ) ਗੁ: ਪੰਜਾ ਸਾਹਿਬ ।

(ੲ) ਗੁ: ਡੇਹਰਾ ਸਾਹਿਬ, ਲਾਹੌਰ ।

3. ਉਕਤ ਅੰਕ 2 ਹੇਠ ਦਰਜ ਗੁਰਦੁਆਰਿਆਂ ਵਿਚ ਰਾਗੀ ਜਥੇ ਤੋਂ ਇਲਾਵਾ ਪੰਜ ਪੰਜ ਸੇਵਾਦਾਰ ਨਿਯੁਕਤ ਜਾਣ ।

4. ਗੁ: ਜਨਮ ਅਸਥਾਨ ਨਨਕਾਣਾ ਸਾਹਿਬ, ਗੁ: ਪੰਜਾ ਸਾਹਿਬ ਅਤੇ ਗੁ: ਡੇਹਰਾ ਸਾਹਿਬ ਲਾਹੌਰ ਵਿਚ ਸੇਵਾ ਕਰਨ ਵਾਲੇ ਮੁਲਾਜ਼ਮਾ ਅਤੇ ਯਾਤਰੂਆਂ ਲਈ ਗੁਰੂ ਕਾ ਲੰਗਰ ਚਾਲੂ ਕੀਤਾ ਜਾਵੇ ।

5. ਉਕਤ ਸਾਰੇ ਪ੍ਰਬੰਧ ਨੂੰ ਬਾਕਾਇਦਗੀ ਦੇਣ ਅਤੇ ਸਿੱਖ ਮਰਯਾਦਾ ਪੂਰਬਕ ਗੁਰਦੁਆਰਿਆ ਦੀ ਸੇਵਾ ਸੰਭਾਲ ਦੀ ਨਿਗਰਾਨੀ ਲਈ ਦੋ ਜਾਂ ਤਿੰਨ ਮੁੱਖੀ ਮੈਂਬਰ ਸੇਵਾ ਦੀ ਪਰੰਪਰਾ ਦੇ ਜਾਣਕਾਰ, ਇਕ ਅਕਾਊਂਟਸ ਕਲਰਕ ਅਤੇ ਇਕ ਅੰਗਰੇਜ਼ੀ ਅਤੇ ਪੰਜਾਬੀ ਟਾਈਪਿਸਟ ਅਤੇ ਦੋ ਸੇਵਾਦਾਰ ਨਿਯੁਕਤ ਜਾਣ ਅਤੇ ਇਨ੍ਹਾਂ ਲਈ ਰਿਹਾਇਸ਼, ਰੱਖਿਆ ਅਤੇ ਸਫਰ ਦੀਆਂ ਸਹੂਲਤਾ ਮੁਹੱਈਆ ਕੀਤੀਆਂ ਜਾਣ ਤੇ ਪਾਕਿਸਤਾਨ ਅੰਦਰਕਿਆਮ ਲਈ ਵੀਜ਼ੇ ਦੀਆ ਸਹੂਲਤਾਂ ਦਿਤੀਆਂ ਜਾਣ ।

6. ਉਪਰ ਦਰਜ ਗੁਰਦੁਆਰਿਆਂ ਨਾਲ ਸਬੰਧਤ ਮੇਲਿਆ ਸਮੇਂ ਵਿਦੇਸ਼ਾਂ ਤੋਂ ਆਉਣ ਵਾਲੇ ਯਾਤਰੂਆਂ ਅਤੇ ਇਨ੍ਹਾਂ ਵਿਸ਼ੇਸ਼ ਦਿਨਾਂ ਤੋਂ ਅਗੇ ਪਿਛੇ ਗੁਰਦੁਆਰਿਆਂ ਦੀ ਯਾਤਰਾ ਲਈ ਆਉਣ ਵਾਲਿਆਂ ਲਈ ਵੀਜ਼ੇ ਦੀਆ ਪਾਬੰਦੀਆ ਨੂੰ ਢਿਲਿਆਂ (Relax) ਕੀਤਾ ਜਾਵੇ ਤਾਂ

ਕਿ ਹਰ ਇਸਤ੍ਰੀ ਪੁਰਸ਼ ਵੀਜ਼ਾ ਸਹਿਜੇ ਪ੍ਰਾਪਤ ਕਰ ਸਕੇ ।

7. ਵਿਸ਼ੇਸ਼ ਸਿੱਖ ਮੇਲਿਆਂ ਸਮੇਂ ਰੇਡੀਓ ਪਾਕਿਸਤਾਨ ਲਾਹੌਰ ਤੋਂ ਜਨਮ ਅਸਥਾਨ ਨਨਕਾਣਾ ਸਾਹਿਬ, ਗੁ: ਡੇਹਰਾ ਸਾਹਿਬ, ਲਾਹੌਰ ਅਤੇ ਗੁ: ਪੰਜਾ ਸਾਹਿਬ ਦੇ ਵਿਸ਼ੇਸ਼ ਪ੍ਰੋਗਰਾਮ ਰੀਲੇਅ ਕਰਨ ਤੋਂ ਇਲਾਵਾ, ਦੇਸੀ ਮਹੀਨੇ ਦੀ ਹਰ ਸੰਗਰਾਂਦ ਅਤੇ ਪੂਰਨਮਾਸ਼ੀ ਨੂੰ ਘਟੋ ਘੱਟ ਅੱਧ ਘੰਟੇ ਲਈ ਗੁ: ਜਨਮ ਅਸਥਾਨ ਨਨਕਾਣਾ ਸਾਹਿਬ ਤੋਂ ਸ਼ਬਦ ਕੀਰਤਨ, ਅਰਦਾਸ ਅਤੇ ਹੁਕਮਨਾਮਾ ਰੀਲੇਅ ਕੀਤੇ ਜਾਣ ।

ਸਾਨੂੰ ਇਕ ਗੱਲ ਹਮੇਸ਼ਾਂ ਚੇਤੇ ਰੱਖਣੀ ਚਾਹੀਦੀ ਹੈ ਕਿ ਪਾਕਿਸਤਾਨ ਇਕ ਗੈਰ ਮੁਲਕ ਹੈ, ਜਿਸ ਦੇ ਆਪਣੇ ਕਾਨੂੰਨ ਹਨ ਅਤੇ ਜਿਸ ਦੇ ਭਾਰਤ ਸਰਕਾਰ ਨਾਲ ਇਸ ਮਸਲੇ ਤੇ ਕਈ ਮੁਆਹਿਦੇ ਹਨ ਜਿਨ੍ਹਾਂ ਦੀ ਪਾਬੰਦੀ ਲਾਜ਼ਮੀ ਹੈ । ਗੈਰ ਹਕੂਮਤ ਨਾਲ ਅਸੀਂ ਟੱਕਰ ਅਥਵਾ (Confrontation) ਦਾ ਤਰੀਕਾ ਅਖਤਿਆਰ ਕਰਕੇ ਸਫਲ ਨਹੀਂ ਹੋ ਸਕਦੇ । ਪਰਦੇਸੀ ਹਕੂਮਤ ਪਾਸੋਂ ਕੁਝ ਲੈਣ ਦਾ ਇਕੋ ਸਾਧਨ ਮਿਲ ਵਰਤਨ ਦੁਆਰਾ ਹੀ ਹੈ ਅਤੇ ਪਾਕਿਸਤਾਨ ਤਥਾ ਕਿਸੇ ਵੀ ਗੈਰ ਮੁਲਕ ਦੀ ਹਕੂਮਤ ਪਾਸੋਂ ਅਜੇਹੀ ਪ੍ਰਾਪਤੀ ਦਾ ਸੌਖਾ ਸਾਧਨ ਭਾਰਤ ਸਰਕਾਰ ਉਪਰ ਜ਼ੋਰ ਪਾ ਕੇ ਸੰਬੰਧਤ ਮੁਲਕਾਂ ਵਿਚਾਲੇ (Evacuee Property) ਸਬੰਧੀ ਹੋਏ ਮੁਆਹਿਦਿਆਂ ਵਿਚ ਤਰਮੀਮ ਕਰਾਉਣਾ ਹੈ ਜਿਸ ਦੇ ਲਈ ਸਾਨੂੰ ਜਤਨ ਕਰਨਾ ਚਾਹੀਦਾ ਹੈ ।

ਪਾਕਿਸਤਾਨ ਗਏ ਅੰਤਰ-ਰਾਸ਼ਟਰੀ ਸਿੱਖ ਡੈਲੀਗੇਸ਼ਨ ਦੀ ਪਾਕਿਸਤਾਨ ਸਰਕਾਰ ਦੇ ਨੁਮਾਇੰਦਿਆ ਨਾਲ ਕਈ ਪਧਰਾਂ ਤੋਂ ਹੋਈਆਂ ਗੱਲਾਂ ਬਾਤਾਂ ਤੋਂ ਸਾਨੂੰ ਸਪਸ਼ਟ ਹੋਇਆ ਹੈ ਕਿ ਪਾਕਿਸਤਾਨ ਅਤੇ ਭਾਰਤ ਸਰਕਾਰਾਂ ਦੇ ਇਸ ਪਰਥਾਏ ਹਏ ਮੁਆਹਿਦਿਆਂ ਦੀ ਰੋਸ਼ਨੀ ਵਿਚ ਪਾਕਿਸਤਾਨ ਸਰਕਾਰ ਕਿਸੇ ਐਸੀ ਏਜੰਸੀ ਨਾਲ ਗੱਲ ਕਰਨ ਨੂੰ ਤਿਆਰ ਨਹੀਂ ਜਿਸ ਉਪਰ ਭਾਰਤੀ ਕਾਨੂੰਨ ਲਾਗੂ ਹੋਵੇ । ਪੰਜਾਬ ਦੀ ਲੈਜਸਲੇਚਰ ਅਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਭਾਰਤੀ ਕਾਨੂੰਨ ਦੇ ਪਾਬੰਦ ਹਨ—ਭਾਰਤ ਦੀ ਸੈਂਟਰਲ ਸਰਕਾਰ ਤੋਂ ਬਾਲਾ ਬਾਲਾ ਇਨ੍ਹਾਂ ਨਾਲ ਗੱਲ ਕਰਨੀ ਉਹ ਮੁਆਹਿਦੇ ਦੀ ਉਲੰਘਣਾ

ਸਮਝਦੇ ਹਨ, ਬਲਕਿ ਸਾਨੂੰ ਇਹ ਵੀ ਪਤਾ ਲੱਗਾ ਹੈ ਕਿ ਭਾਰਤ ਤੇ ਪਾਕਿਸਤਾਨ ਦੇ ਸ਼ਿਮਲੇ ਵਾਲੇ ਸਮਝੋਤੇ ਸਮੇਂ ਇਹ ਗੱਲ ਉਘੜ ਕੇ ਸਾਹਮਣੇ ਆ ਚੁੱਕੀ ਹੋਈ ਹੈ ਅਤੇ ਭਾਰਤ ਸਰਕਾਰ ਸਿੱਖਾਂ ਦੇ ਪਾਕਿਸਤਾਨ ਨਾਲ ਸਿੱਧੀ ਕਿਸੇ ਗੱਲ ਨੂੰ ਭੀ ਸ਼ੱਕ ਦੀ ਨਜ਼ਰ ਨਾਲ ਵੇਖਦੀ ਹੈ ।

ਸਦਰ ਪਾਕਿਸਤਾਨ ਦੀ ਸ.: ਗੰਗਾ ਸਿੰਘ ਨੂੰ 13 ਅਕਤੂਬਰ 1979 ਨੂੰ ਲਿਖੀ ਚਿਠੀ ਅਤੇ ਇਸ ਦੇ ਦਰਾਨ ਹੋਏ ਵਿਚਾਰ ਵਟਾਂਦਰੇ ਤੋਂ ਸਪਸ਼ਟ ਹੈ ਕਿ ਡੈਲੀਗੇਸ਼ਨ ਨਾਲ ਗੁਰਦੁਆਰਿਆਂ ਸਬੰਧੀ ਗਲਬਾਤ ਕਰਨ ਦੀ ਤਹਿ ਵਿਚ ਇਹ ਗੱਲ ਅਤੇ ਜਨਰਲ ਸਾਹਿਬ ਦੇ ਮਨ ਉਪਰ ਇਸ ਗੱਲ ਦਾ ਪ੍ਰਭਾਵ ਵੀ ਸਪਸ਼ਟ ਸੀ ਕਿ 'ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ' ਸੰਸਾਰ ਭਰ ਦੇ ਸਿੱਖਾਂ ਦੀ ਸਾਂਝੀ ਬਾਤੀ ਹੈ । ਮੌਜੂਦਾ ਡੈਲੀਗੇਸ਼ਨ ਦੀ ਬਣਤਰ ਨੇ ਉਨ ਨੂੰ ਨਿਸਚਾ ਕਰਾ ਦਿਤਾ ਸੀ ਕਿ ਸੰਸਾਰ ਭਰ ਅੰਦਰ ਵਸਦੇ ਸਾਰੇ ਸਿੱਖ ਇਸ ਫਾਊਂਡੇਸ਼ਨ ਨੂੰ ਮਾਨਤਾ ਦੇਂਦੇ ਹਨ ।

ਅੰਤਰ-ਰਾਸ਼ਟਰੀ ਸਿਖ ਡੈਲੀਗੇਸ਼ਨ ਦਾ ਵਿਚਾਰ ਸੀ ਕਿ ਪਾਕਿਸਤਾਨ ਤੋਂ ਵਾਪਸੀ ਉਪ੍ਰੰਤ ਉਹ ਪੰਜਾਬ ਅਤੇ ਭਾਰਤ ਸਰਕਾਰ ਦੇ ਮੁਖੀਆਂ ਨੂੰ ਮਿਲ ਕੇ ਪਾਕਿਸਤਾਨ ਸਰਕਾਰ ਨਾਲ ਹੋਈ ਗੱਲ ਬਾਤ ਦੇ ਹਵਾਲੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕਰੇ ਅਤੇ ਭਾਰਤ ਅਤੇ ਪਾਕ ਸਰਕਾਰਾਂ ਵਿਚਾਲੇ ਹੋਏ ਮੁਆਹਿਦਿਆਂ ਵਿਚ ਤਰਮੀਮ ਕੀਤੇ ਜਾਣ ਸਬੰਧੀ ਆਪਣੇ ਸੁਝਾਓ ਭਾਰਤ ਨੂੰ ਦੇਵੇ ਤਾਂ ਕਿ ਗੁਰਦੁਆਰਿਆਂ ਅਤੇ ਸੰਬੰਧਤ ਜਾਇਦਾਦਾਂ ਦੀ ਸੰਭਾਲ ਸਿੱਖ ਨਜ਼ਰੀਏ ਅਨੁਸਾਰ ਹੋ ਸਕੇ ।

ਡੈਲੀਗੇਸ਼ਨ ਵਲੋਂ ਭਾਰਤ ਦੇ ਪ੍ਰਧਾਨ ਮੰਤਰੀ ਸਾਹਿਬ ਦੀ ਸੇਵਾ ਵਿਚ ਪੇਸ਼ ਕੀਤੇ ਜਾਣ ਲਈ ਇਕ ਮੈਮੋਰੈਂਡਮ ਤਿਆਰ ਕੀਤਾ ਗਿਆ ਜਿਸ ਵਿਚ ਪਾਕਿਸਤਾਨ ਸਰਕਾਰ ਨਾਲ ਹੋਏ ਵਿਚਾਰ ਵਟਾਂਦਰੇ ਦੇ ਹਵਾਲੇ ਇਹ ਦਸਿਆ ਗਿਆ ਸੀ ਕਿ ਪਾਕਿਸਤਾਨ ਅੰਦਰ ਰਹੇ ਗੁਰਦੁਆਰਿਆਂ ਨੂੰ ਨਿਰਾ ਇਤਹਾਸਕ ਯਾਦਗੀਰੀ ਸਥਾਨ ਮੰਨ ਕੇ ਉਨ੍ਹਾਂ ਦੀ ਦੇਖਭਾਲ ਕਰਦੇ ਰਹਿਣਾ ਸਿਖ ਦ੍ਰਿਸ਼ਟੀਕੋਣ ਤੋਂ ਇਕ ਅਤਿ ਘਟੀਆ ਗੱਲ ਹੈ ।

(i) ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਸੰਭਾਲ ਅਤੇ

(ii) ਸਿੱਖੀ ਮਰਯਾਦਾ ਅਨੁਸਾਰ ਗੁਰਦੁਆਰਿਆਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਸ਼ਬਦ ਕੀਰਤਨ ਅਤੇ ਅਰਦਾਸ ਦਾ ਹੋਣਾ ਅਥਵਾ ਗੁਰਦੁਆਰਿਆਂ ਦੀ Maintenance ਅਤੇ Traditional Sanctity ਦੋ ਵਖੋ ਵਖ ਗੱਲਾਂ ਹਨ। ਪਾਕਿਸਤਾਨੀ ਵਕਫ ਬੋਰਡ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਬਤੌਰ ਮਾਨੂੰਮੈਂਟ (monument) ਦੇਖਭਾਲ ਤਾਂ ਭਾਵੇਂ ਠੀਕ ਕਰਦਾ ਹੋਵੇਗਾ, ਪਰ ਗੁਰਦੁਆਰਿਆਂ ਦੇ ਅੰਦਰ ਦੀ ਸਿੱਖੀ ਪਰੰਪਰਾ ਮੁਤਾਬਕ ਮਰਯਾਦਾ ਕੇਵਲ ਸ਼ਰਧਾਵਾਨ ਸਿਖ ਹੀ ਕਾਇਮ ਰਖ ਸਕਦੇ ਹਨ। ਇਵੇਂ ਹੀ ਗੁਰਦੁਆਰਿਆਂ ਨਾਲ ਸਬੰਧਤ ਜਾਇਦਾਦਾਂ ਤੋਂ ਆਮਦਨਾਂ ਦਾ ਵਾਧਾ ਘਾਟਾ ਅਤੇ ਇਸ ਆਮਦਨੀ ਦਾ ਗੁਰੂ ਨਮਿਤ ਵਰਤਿਆ ਜਾਣਾ ਭੀ ਵਖੋ ਵਖ ਗੱਲਾਂ ਹਨ। ਇਸ ਮਰਯਾਦਾ ਅਨੁਸਾਰ ਗੁਰੂ ਕੇ ਲੰਗਰ ਦਾ ਚਲਦੇ ਹੋਣਾ, ਗੁਰੂ ਦੇ ਸ਼ਬਦ ਦਾ ਪਰਸਾਰ, ਅਤੇ ਮਰਯਾਦਾ ਪੂਰਬਕ ਗੁਰਦੁਆਰੇ ਦੀ ਪਵਿਤਰਤਾ ਤੇ ਸਤਕਾਰ ਕੇਵਲ ਸਿਦਕੀ ਸਿਖ ਹੀ ਕਰ ਸਕਦੇ ਹਨ। ਪਾਕਿਸਤਾਨ ਸਰਕਾਰ ਵਲੋਂ ਨਿਯੁਕਤਿਆ ਗੁਰਦੁਆਰਾ ਵਕਫ ਬੋਰਡ ਆਮ ਕਰਕੇ ਮੁਸਲਮਾਨ ਸਾਹਿਬਾਨ ਤੇ ਹੀ ਸਮਿਲਤ ਹੈ ਕਿਉਂਕਿ ਪਾਕਿਸਤਾਨ ਅੰਦਰ ਸਿਖ ਵਸੋਂ ਨਾਮ ਮਾਤਰ ਹੀ ਹੈ। ਇਸ ਤਰ੍ਹਾਂ ਪਾਕਿਸਤਾਨੀ ਗੁਰਦੁਆਰਿਆਂ ਆਦਿ ਦੀ ਸੰਭਾਲ ਉਸੇ ਤਰ੍ਹਾਂ ਮੁਸਲਮਾਨ ਹਥਾਂ ਵਿਚ ਹੈ ਜਿਵੇਂ ਉਹ ਭਾਰਤ ਅੰਦਰ ਮੌਜੂਦ ਮਸਲਮਾਨੀ ਅਦਾਰੇ ਮੁਸਲਮਾਨਾਂ ਤੇ ਸਮਿਲਤ ਵਕਫ ਬੋਰਡ ਦੇ ਹਥ ਹਨ। ਇਸ ਤਰ੍ਹਾਂ ਭਾਰਤ ਅਤੇ ਪਾਕਿ-ਸਤਾਨ ਦੋਹਾਂ ਮੁਲਕਾਂ ਦੇ ਕੌਮੀ ਅਦਾਰੇ, ਭਾਵੇਂ ਉਹ ਕਿਸੇ ਕੌਮ ਦੇ ਹਨ ਮੁਸਲਮਾਨ ਸਾਹਿਬਾਨ ਦੇ ਪ੍ਰਬੰਧ ਵਿਚ ਹਨ, ਜੋ ਗੱਲ ਵੈਸੇ ਭੀ ਅਨੁਚਿਤ ਹੈ। ਇਸ ਦਾ ਯੋਗ ਹੱਲ ਇਹੋ ਹੀ ਹੈ, ਕਿ ਧਾਰਮਕ ਅਦਾਰਿਆਂ ਦਾ ਪ੍ਰਬੰਧ ਉਸ ਕੌਮ ਦੇ ਬੰਦਿਆਂ ਦੇ ਹੱਥ ਹੋਵੇ, ਜਿਸ ਦੇ ਉਹ ਅਦਾਰੇ ਹਨ। ਐਸਾ ਹੋਣ ਨਾਲ ਹੀ ਇਨ੍ਹਾਂ ਦਾ ਸਹੀ ਤੇ ਤਸੱਲੀ ਬਖਸ਼ ਪ੍ਰਬੰਧ ਤੇ ਇਨ੍ਹਾਂ ਅੰਦਰ ਮਰਯਾਦਾ ਪੂਰਬਕ ਸੇਵਾ ਸੰਭਾਲ ਹੋ ਸਕਦੀ ਹੈ।

ਇਸ ਵਿਚਾਰ ਅਧੀਨ ਸਿਖ ਡੈਲੀਗੇਸ਼ਨ ਦੀ ਇਹ ਜੋਰਦਾਰ ਮੰਗ ਹੈ ਕਿ

ਭਾਰਤ ਸਰਕਾਰ ਪਾਕਿਸਤਾਨ ਸਰਕਾਰ ਨਾਲ ਸੰਬੰਧਤ ਸੰਧੀ ਨਾਮਿਆਂ ਵਿਚ ਅਜੇਹੀ ਤਰਮੀਮ ਕਰਾਵੇ ਜਿਸ ਨਾਲ ਪਾਕਿਸਤਾਨ ਅੰਦਰ ਰਹੇ ਸਿਖ ਗੁਰ-ਦੁਆਰਿਆ ਸੰਬੰਧੀ ਬਣੇ ਵਕਫ ਬੋਰਡ ਵਿਚ ਸਿਖਾਂ ਦੀ ਭਾਵੇਂ ਪੂਰਨ ਆਵਾਜ਼ (effective say) ਹੋਵੇ, ਭਾਵੇਂ ਅਜਿਹੇ ਪ੍ਰਤੀਨਿਧ ਸਿਖ, ਪਾਕਿਸਤਾਨ ਤੋਂ ਬਾਹਰੋਂ ਗੈਰ ਮੁਲਕਾਂ ਵਿਚੋਂ ਕਿਉਂ ਨ ਲਿਆਉਣੇ ਪੈਣ। ਐਸਾ ਕਰਕੇ ਹੀ ਸਿਖ ਗੁਰਦੁਆਰਿਆਂ ਦੀ ਸਹੀ ਤੇ ਸੰਤੋਸ਼ ਜਨਕ ਸੰਭਾਲ ਹੋ ਸਕਦੀ ਹੈ। ਇਸ ਪਖੋਂ ਗੁਰਦੁਆਰਿਆਂ ਵਿਸ਼ੇਸ਼ ਕਰਕੇ ਜਨਮ ਅਸਥਾਨ ਨਨਕਾਣਾ ਸਾਹਿਬ ਜੋ ਸਿਖਾਂ ਦੀ ਜਨਮ ਭੂਮੀ ਹੈ, ਦੀ ਸਥਿਤੀ ਨਿਰਾਲੀ ਤੇ ਬੇਮਿਸਾਲ (unique) ਹੈ ਜਿਸ ਦੀ ਸੰਭਾਲ ਲਈ (unique provision) ਦੀ ਲੋੜ ਹੈ।

ਮੈਮੋਰੰਡਮ ਵਿਚ ਇਹ ਗੱਲ ਦਰਜ ਸੀ ਕਿ ਭਾਵੇਂ ਸਦਰ ਪਾਕਿਸਤਾਨ ਜਨਰਲ ਜ਼ੀਆ ਉਲ-ਹੱਕ ਨੇ ਇਹ ਗੱਲ ਸਪਸ਼ਟ ਤੌਰ ਤੇ ਕਹੀ ਹੈ ਕਿ ਪਾਕਿ-ਸਤਾਨੀ ਗੁਰਦੁਆਰਿਆਂ ਦੀ ਯਾਤਰਾ ਲਈ ਆਉਣ ਵਾਲੇ ਭਾਰਤੀ ਸ਼ਹਿਰੀ ਦਸ ਜਾਂ ਦਸ ਤੋਂ ਵਧ ਸਾਲ ਭਰ ਅੰਦਰ ਕਿਸੇ ਵੇਲੇ ਵੀ ਪਾਕਿਸਤਾਨ ਆ ਸਕਦੇ ਹਨ ਅਤੇ ਜਿਸ ਗੁਰਦੁਆਰੇ ਦੀ ਯਾਤਰਾ ਲਈ ਭੀ ਇਹ ਆਉਣਾ ਚਾਹੁਣਗੇ ਉਨ੍ਹਾਂ ਦਾ ਵੀਜ਼ਾ ਮਿਲ ਸਕੇਗਾ, ਪਰ ਫਿਰ ਵੀ ਡੈਲੀਗੇਸ਼ਨ ਦਾ ਵਿਚਾਰ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਗੁਰਦੁਆਰਿਆਂ ਪਰਥਾਏ ਹੋਈ ਸੰਧੀ ਵਿਚ ਇਸ ਭਾਵ ਦੀ ਧਾਰਾ ਭਾਰਤ ਸਰਕਾਰ ਦਰਜ ਕਰਾਵੇ ਤਾਂ ਕਿ ਯਾਤਰੂਆਂ ਨੂੰ ਕਿਸੇ ਸਮੇਂ ਵੀ ਇਸ ਬਾਰੇ ਕੋਈ ਔਖ ਪਰਤੀਤ ਨ ਹਵੇ।

ਜਿਥੋਂ ਤਕ ਪੰਜਾਬ ਦੇ ਚੀਫ ਮਿਨਿਸਟਰ ਅਤੇ ਹੋਰ ਮਿਨਿਸਟਰਜ਼ ਨਾਲ ਡੈਲੀਗੇਸ਼ਨ ਦਾ ਵਿਚਾਰ ਵਟਾਂਦਰਾ ਹੋਇਆ, ਉਹ ਡੈਲੀਗੇਸ਼ਨ ਦੀ ਦਿਤੀ ਰੀਪੋਰਟ ਨਾਲ ਸੰਤੁਸ਼ਟ ਸਨ ਅਤੇ ਪੰਜਾਬ ਸਰਕਾਰ ਵਲੋਂ ਇਸ ਪਰਥਾਏ ਸਹਿਯੋਗ ਦਿਤੇ ਜਾਣ ਦਾ ਭਰੋਸਾ ਦਿਵਾਉਂਦੇ ਸਨ, ਪਰੰਤੂ ਡੈਲੀਗੇਸ਼ਨ ਨੂੰ ਇਸ ਗੱਲ ਦਾ ਅਫਸੋਸ ਹੈ ਕਿ 22 ਤੋਂ 24 ਅਕਤੂਬਰ ਤਕ ਜਤਨ ਕਰਦੇ ਰਹਿਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਜੀ ਦੀ ਮੁਲਾਕਾਤ ਦਾ ਅਵਸਰ ਪ੍ਰਾਪਤ ਨ ਹੋ ਸਕਿਆ। ਅਤੇ ਜੋ

ਮੈਮੋਰੈਂਡਮ ਉਹ ਜ਼ਾਤੀ ਤੌਰ ਤੇ ਉਨ੍ਹਾ ਨੂੰ ਪੇਸ਼ ਕਰਨਾ ਚਾਹੁੰਦੇ ਸਨ ਉਹ ਉਨ੍ਹਾ ਦੇ ਪਰਸਨਲ ਸਟਾਫ ਨੂੰ ਸੋਂਪਨਾ ਪਿਆ। ਪਤਾ ਲਗਾ ਹੈ ਕਿ 25 ਅਕਤੂਬਰ ਨੂੰ ਡੈਲੀਗੇਸ਼ਨ ਦੇ ਦੋ ਮੈਂਬਰ ਜੋ ਦਿਲੀ ਰਹਿ ਗਏ ਸਨ, ਡਿਪਟੀ ਪਰਧਾਨ ਮੰਤਰੀ ਨੂੰ ਮਿਲੇ ਤੇ ਮੈਮੋਰੈਡਮ ਦਾ ਉਤਾਰਾ ਉਨ੍ਹਾਂ ਨੂੰ ਵੀ ਪੇਸ਼ ਕੀਤਾ।

ਸਾਡੇ ਡੈਲੀਗੇਸ਼ਨ ਦੇ ਵਾਪਸ ਆ ਜਾਣ ਪਿਛੋਂ ਗੰਗਾ ਸਿੰਘ ਇਕ ਵਾਰ ਮੁੜ ਸਦਰ ਪਾਕਸਤਾਨ ਨੂੰ ਮਿਲਿਆ ਅਤੇ ਗੁਰਦੁਆਰਿਆਂ ਅੰਦਰ ਸਿਖੀ ਮਰਯਾਦਾ ਦੀ ਬਹਾਲੀ ਲਈ ਇਕ ਅੰਤਰ ਰਾਸ਼ਟਰੀ ਸਲਾਹਕਾਰ ਕਮੇਟੀ ਦਾ ਨਿਯੁਕਤਿਆ ਜਾਣਾ ਪ੍ਰਵਾਣ ਕਰਾਇਆ ਜੋ ਹੇਠ ਲਿਖੇ ਪੰਜ ਆਦਮੀਆ ਤੇ ਮੁਸ਼ਤਮਿਲ ਸੀ।

1. ਸ: ਗੰਗਾ ਸਿੰਘ ਅਮਰੀਕਾ
2. ਸ: ਪ੍ਰੀਤਮ ਸਿੰਘ ਕੁਈਨ ਕੌਂਸਲਰ ਇੰਗਲੈਂਡ
3: ਸ: ਇੰਦਰ ਸਿੰਘ ਅਫਰੀਕਾ
4. ਸ: ਨਰੈਣ ਸਿੰਘ ਭਾਰਤ ਅਤੇ
5. ਡਾਕਟਰ ਮੋਹਰ ਸਿੰਘ ਪਾਕਿਸਤਾਨ

ਅਤੇ ਇਹ ਪ੍ਰਵਾਣ ਕੀਤਾ ਗਿਆ ਕਿ ਪਾਕਸਤਾਨ ਸਰਕਾਰ ਦਾ ਵਕਫ ਬੋਰਡ ਉਥੇ ਦੇ ਗੁਰਦੁਆਰਿਆ ਸੰਬੰਧਾਂ ਹਰ ਗੱਲ ਇਸ ਕਮੇਟੀ ਦੀ ਸਲਾਹ ਅਨੁਸਾਰ ਕਰੇਗਾ।

ਇਸ ਉਪਰੰਤ ਗੰਗਾ ਸਿੰਘ ਭਾਰਤ ਆਇਆ ਅਤੇ ਕਰਨਾਲ ਵਿਚ ਬੁਲਾਏ ਸਿਖਾਂ ਦੇ ਇਕ ਇਕੱਠ ਵਿਚ ਇਹ ਫੈਸਲਾ ਲਿਆ ਗਿਆ ਕਿ ਪਾਕਸਤਾਨ ਦੇ ਗੁਰਦੁਆਰਿਆਂ ਅੰਦਰ ਮਰਯਾਦਾ ਦੀ ਬਹਾਲੀ ਲਈ ਅਮਰੀਕਾ ਤੋਂ ਸ੍ਰੀ ਨਨਕਾਣਾ ਸਾਹਿਬ ਫਾਉਂਡੇਸ਼ਨ ਵਲੋਂ ਅਗਲੇਰੀ ਕਾਰਵਾਈ ਕਰਨੀ ਮੁਸ਼ਕਲ ਹੋਵੇਗੀ ਇਸ ਲਈ ਉਸ ਫਾਉਂਡੇਸ਼ਨ ਦੀ ਸ਼ਾਖ ਭਾਰਤ ਅੰਦਰ ਖੋਲੀ ਜਾਏ। ਇਹ ਪ੍ਰਵਾਣ ਕੀਤਾ ਗਿਆ ਅਤੇ ਹੇਠ ਲਿਖੇ ਸੱਜਣਾਂ ਦੀ 'ਨਨਕਾਣਾ ਸਾਹਿਬ ਫਾਉਂਡੇਸ਼ਨ' ਨਾਮ ਦੀ ਸੰਸਥਾ ਕਾਇਮ ਕੀਤੀ ਗਈ।

1. ਸ: ਹਰਬੰਸ ਸਿੰਘ ਰਿਟਾਇਰਡ ਚੀਫ ਜਸਟਿਸ ਪੰਜਾਬ
2. ਡਾ: ਗੰਡਾ ਸਿੰਘ ਪਿਪਟੋਗੀਅਨ
3. ਸ: ਰਾਜਦੇਵ ਸਿੰਘ ਐਡਵੋਕੇਟ ਪਟਿਆਲਾ
4. ਸ: ਜੋਗਿੰਦਰ ਸਿੰਘ ਮਾਨ
5. ਜਥੇਦਾਰ ਮਾਨ ਸਿੰਘ ਹੰਬੋ
6. ਸ: ਭੂਪਿੰਦਰ ਸਿੰਘ ਜਮਨਾ ਨਗਰ ਅਤੇ
7. ਸ: ਨਰੈਣ ਸਿੰਘ ਸਾਬਕਾ ਮੈਨੇਜਰ ਨਨਕਾਣਾ ਸਾਹਿਬ

ਸ: ਨਰੈਣ ਸਿੰਘ ਇਸ ਬਾਡੀ ਦਾ ਕਨਵੀਨਰ ਥਾਪਿਆ ਗਿਆ ।

ਇਸ ਦੀਆਂ ਕਈ ਇਕਤਰਤਾਵਾਂ ਹੋਈਆਂ ਅਤੇ ਪੰਜਾਹ ਸਿੰਘ— ਗ੍ਰੰਥੀ ਰਾਗੀ ਤੇ ਸੇਵਾਦਾਰ ਪਾਕਿਸਤਾਨ ਭੇਜਣ ਦਾ ਫੈਸਲਾ ਹੋਇਆ । ਇਸ ਦਾ ਇਸ਼ਤਿਹਾਰ ਦਿਤਾ ਗਿਆ ਜਿਸ ਤੇ ਅਨੇਕ ਦਰਖਾਸਤ ਆਈਆਂ ਅਤੇ ਨਨਕਾਣਾ ਸਾਹਿਬ ਜਾ ਕੇ ਸੇਵਾ ਕਰਨ ਦਾ ਲੋਕਾਂ ਨੂੰ ਚਾ ਚੜ੍ਹ ਗਿਆ ।

ਇਸ ਸਮੇਂ ਅੰਦਰ ਸ. ਗੁਰਚਰਨ ਸਿੰਘ ਟਹੁੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਕਿਸਤਾਨ ਗਏ ਅਤੇ ਸਦਰ ਜ਼ੀਆ ਉਲ ਹਕ ਨਾਲ ਮੁਲਾਕਾਤ ਕਰਦੇ ਹੋਏ ਮੰਗ ਕੀਤੀ ਕਿ ਸ਼੍ਰੋਮਣੀ ਕਮੇਟੀ ਗੁਰਦੁਆਰਾ ਪ੍ਰਬੰਧ ਹਿਤ ਬਣੀ ਹੋਈ ਸਿਖਾਂ ਦੀ ਨੁਮਾਇੰਦਾ ਜਮਾਤ ਹੈ ਪਾਕਿਸਤਾਨ ਸਰਕਾਰ ਨੂੰ ਉਥੋਂ ਦੇ ਗੁਰਦੁਆਰਿਆਂ ਸੰਬੰਧੀ ਹਰ ਤਰ੍ਹਾਂ ਦੀ ਗੱਲ ਉਸ ਨਾਲ ਕਰਨੀ ਚਾਹੀਦੀ ਹੈ । ਇਕੱਲੇ ਦੁਕੱਲੇ ਆਦਮੀਆਂ ਨਾਲ ਗੱਲ ਕਰਨੀ ਠੀਕ ਨਹੀਂ । ਸਦਰ ਨੇ ਸਪਸ਼ਟ ਉਤਰ ਦਿਤਾ ਕਿ ਸ਼੍ਰੋਮਣੀ ਕਮੇਟੀ ਸਿਖਾਂ ਦੀ ਨੁਮਾਇੰਦਾ ਜ਼ਰੂਰ ਹੋਵੇਗੀ, ਪਰ ਇਹ ਭਾਰਤ ਸਰਕਾਰ ਵਲੋਂ ਸਥਾਪਤ ਹੋਣ ਕਰਕੇ ਇਸ ਨਾਲ ਹਰ ਗੱਲ ਉਸ ਸਰਕਾਰ ਨੂੰ ਰਾਹੀਂ ਹੀ ਹੋ ਸਕਦੀ ਹੈ ਅਸਾਂ ਜੋ ਗੱਲ ਕੀਤੀ ਹੈ ਉਹ ਦੁਨੀਆਂ ਭਰ ਦੇ ਅੰਤਰ ਰਾਸ਼ਟਰੀ ਡੈਲੀਗੇਸ਼ਨ ਨਾਲ ਕੀਤੀ ਹੈ ਤੇ ਅਸੀਂ ਉਸ ਲਈ ਪਾਬੰਦ ਹਾਂ । ਅਸੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੋਣ ਦੇ ਨਾਤੇ ਕੋਈ ਗੱਲ

ਤੁਹਾਡੇ ਨਾਲ ਕਰਨ ਨੂੰ ਤਿਆਰ ਨਹੀਂ। ਇਸ ਕੰਮ ਲਈ ਅਸਾਂ ਵੱਖ ਵੱਖ ਮੁਲਕਾਂ ਵਿਚੋਂ ਲੀਤੇ ਪੰਜ ਸਿਖਾਂ ਦੀ ਇਕ ਸਲਾਹਕਾਰ ਕਮੇਟੀ ਥਾਪ ਦਿਤੀ ਹੈ ਤੁਹਾਨੂੰ ਸਿਖ ਹੋਣ ਦੇ ਨਾਤੇ ਜਾਤੀ ਹੈਸੀਅਤ ਚ ਤੁਹਾਨੂੰ ਅਸੀਂ ਉਸਦਾ ਛੇਵਾਂ ਮੈਂਬਰ ਲੈਣ ਨੂੰ ਤਿਆਰ ਹਾਂ ਪ੍ਰੰਤੂ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਹੈਸੀਅਤ ਵਿਚ ਨਹੀਂ। ਟੌਹੜਾ ਸਾਹਿਬ ਦੀ ਇਸ ਜਵਾਬ ਨਾਲ ਤਸੱਲੀ ਨ ਹੋਈ ਅਤੇ ਉਹ ਵਾਪਸ ਆ ਗਏ। ਗੁਰਦੁਆਰਿਆਂ ਦੀ ਸੇਵਾ ਲਈ ਪਾਕਿਸਤਾਨ ਸਰਕਾਰ ਪੰਜਾਹ ਆਦਮੀਆਂ (ਗ੍ਰੰਥੀ ਰਾਗੀ ਤੇ ਸੇਵਾਦਾਰਾਂ) ਦੇ ਨਾਮ ਪਤੇ ਲਿਖ ਕੇ ਭੇਜਣੇ ਸਨ। ਜਦੋਂ ਸੇਵਾ ਲਈ ਆਈਆਂ ਦਰਖਾਸਤਾਂ ਵਿਚੋਂ ਇਨ੍ਹਾਂ ਦੀ ਛਾਂਟ ਕਰਨ ਦਾ ਸਵਾਲ ਆਇਆ ਤਾਂ ਸੋਚਿਆ ਗਿਆ ਬਲਕਿ ਅਮਰੀਕਾ ਤੋਂ ਸ. ਗੰਗਾ ਸਿੰਘ ਵਲੋਂ ਵੀ ਸੁਝਾਉ ਮਿਲਿਆ ਕਿ ਨਵੇਂ ਆਦਮੀ ਚੁਣ ਭੇਜਣ ਦੀ ਬਜਾਇ ਜੇ ਸ਼੍ਰੋਮਣੀ ਕਮੇਟੀ ਗੁਰਦੁਆਰਾ ਸਟਾਫ ਵਿਚੋਂ ਤਸੱਲੀ ਬਖ਼ਸ਼ ਆਦਮੀ ਦੇ ਦੇਵੇ ਤਾਂ ਉਨ੍ਹਾਂ ਨੂੰ ਪਾਕਿਸਤਾਨ ਭੇਜਿਆ ਜਾਵੇ। ਇਸ ਸੁਝਾਉ ਅਨੁਸਾਰ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਪੰਜਾਹ ਆਦਮੀ ਦੇਣ ਅਤੇ ਉਨ੍ਹਾਂ ਦੇ ਨਾਮ ਪਤੇ ਲਿਖ ਭੇਜਣ ਲਈ ਬੇਨਤੀ ਕੀਤੀ ਗਈ। ਉਨ੍ਹਾਂ ਉਤਰ ਦਿਤਾ ਕਿ 'ਸ਼੍ਰੋਮਣੀ ਕਮੇਟੀ ਨੇੜੇ ਭਵਿਖ ਵਿਚ ਇਹ ਸੇਵਾਦਾਰ ਪਾਕਿਸਤਾਨ ਭੇਜ ਰਹੀ ਹੈ।' ਇਹ ਉੱਤਰ ਮਿਲਣ ਪਰ ਇਥੇ ਬਣੀ 'ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ' ਨੇ ਇਸ ਬਾਰੇ ਹੋਰ ਕੋਈ ਕਾਰਵਾਈ ਕਰਨੀ ਠੀਕ ਨ ਸਮਝੀ ਪ੍ਰੰਤੂ ਵਡੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਇਹ ਅਜ ਤਕ ਨ ਭੇਜੇ ਗਏ ਅਤੇ 1979 ਵਿਚ ਅੰਤਰ ਰਾਸ਼ਟਰੀ ਡੈਲੀਗੇਸ਼ਨ ਵਲੋਂ ਪਾਕਿਸਤਾਨ ਸਰਕਾਰ ਨਾਲ ਉਥੇ ਦੇ ਰਹਿੰਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਚਾਲੂ ਕਰਾਉਣ ਵਾਲੀ ਗੱਲ ਦਾ ਭੋਗ ਪੈ ਗਿਆ।

ਹੁਣ ਭੀ ਜਿਸ 'ਸੇਵਾ ਸੰਭਾਲ' ਦੀ ਪ੍ਰਾਪਤੀ ਦੀ ਤੜਪ ਸਮੂਹ ਸਿਖ ਹਿਰਦਿਆਂ ਅੰਦਰ ਹੈ ਅਤੇ ਜਿਸ ਦੇ ਲਈ ਸਾਰਾ ਸਿਖ ਸੰਸਾਰ ਸਵੇਰੇ ਸ਼ਾਮ ਸਤਿਗੁਰੂ ਦੇ ਹਜ਼ੂਰ ਅਰਦਾਸਾਂ ਕਰਦਾ ਹੈ ਉਸ ਦੇ ਲਈ ਕੋਈ ਅਮਲੀ ਜਤਨ ਨ ਕਰਨਾ ਸਿਖ ਪਰੰਪਰਾ ਦੇ ਅਨੁਕੂਲ ਨਹੀਂ ਅਤੇ ਜੇ ਇਹ ਸਿਲਸਲਾ ਇਉਂ ਹੀ ਰਿਹਾ ਤਾਂ ਕੁਝ ਹੋਰ ਸਮਾ ਬੀਤਣ ਤਕ ਇਨ੍ਹਾਂ ਗੁਰਦੁਆਰਿਆਂ ਦੀ ਯਾਦ

ਕੇਵਲ ਇਤਿਹਾਸ ਦੇ ਪੰਨਿਆਂ ਤੇ ਲਿਖੀ ਰਹਿ ਜਾਵੇਗੀ। ਅਜ ਲੋੜ ਹੈ ਕਿ ਕੋਈ ਅੰਤਰ ਰਾਸ਼ਟਰੀ ਸਿਖ ਸੋਸਾਇਟੀ ਜਾਂ ਭਾਰਤ ਤੋਂ ਬਾਹਰ ਜਾਂ ਵਸੇ ਸਿਖ ਸੁਸਾਇਟੀਆਂ ਯਥਾ 'ਸਿਖ ਸਰਵਿੰਗ ਅਮ੍ਰੀਕਾ ਟਾਪੀਕਾ (Topeka) ਤੇ 'ਟਰਾਈ ਸਟੇਟ ਸਿਖ ਕਲਚਰਲ ਸੋਸਾਇਟੀ ਮੌਰੋ ਵਿਲੇ (Maurovilla) ਜਾਂ ਨਨਕਾਣਾ ਸਾਹਿਬ ਫਾਊਡੇਸ਼ਨ' ਜਾਤੀ ਤੋਰ ਜਾ ਸਾਂਝੇ ਮਿਲਵੇਂ ਤੌਰ ਇਸ ਦੇ ਲਈ ਜਤਨ ਕਰਨ। ਅਜੇਹਾ ਕਰ ਲੈਣਾ ਇਕ ਨਿਹਾਇਤ ਵਡੀ ਸੇਵਾ ਹੋਵੇਗੀ ਅਤੇ ਅਜੇਹੀ ਸੋਸਾਇਟੀ ਦਾ ਨਾਮ ਸਿਖ ਇਤਿਹਾਸ ਦਾ ਹਿੱਸਾ ਬਣ ਜਾਵੇਗਾ। ਭਾਰਤ ਵਾਸੀ ਕੁਝ ਮਨੁਖਾਂ ਜਾਂ ਕਿਸੇ ਸੋਸਾਇਟੀ ਦਾ ਐਸਾ ਕਰਨਾ ਜਾਂ ਭਾਰਤ ਸਰਕਾਰ ਵਲੋਂ ਐਸਾ ਹੋਣ ਦੀ ਆਸ ਰਖਣਾ ਨਿਰਮੂਲ ਹੈ। ਅਜੇਹਾ ਜਤਨ ਜਿਸ ਦਾ ਕੀਤਾ ਜਾਣਾ ਜ਼ਰੂਰੀ ਹੈ ਪਰਦੇਸਾਂ ਅੰਦਰ ਜਾ ਵਸੇ ਸਿਖ ਹੀ ਕਰ ਸਕਦੇ ਹਨ ਉਨਾਂ ਨੂੰ ਇਧਰ ਧਿਆਨ ਦੇਣਾ ਚਾਹੀਦਾ ਹੈ।

1979 ਵਿਚ ਭੀ ਪਾਕਸਤਾਨ ਸਰਕਾਰ ਨਾਲ ਜੋ ਗੱਲ ਬਾਤ ਹੋਈ ਸੀ ਜਿਸ ਦੇ ਫਲ ਸਰੂਪ ਹੀ ਉਥੇ ਦੇ ਚੋਂਦਾਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਵਾਸਤੇ 50 ਗ੍ਰੰਥੀ ਤੇ ਸੇਵਾਦਾਰ ਆਦ ਭੇਜਣ ਦਾ ਫੈਸਲਾ ਲਿਆ ਗਿਆ ਸੀ ਵੀ ਅੰਤਰ ਰਾਸ਼ਟਰੀ ਡੈਲੀਗੇਸ਼ਨ ਰਾਹੀ ਹੀ ਹੋਇਆ ਸੀ ਅਤੇ ਜਿਸਦੇ ਫੇਲ ਹੋਣ ਦਾ ਕਾਰਨ ਪ੍ਰਧਾਨਸ਼੍ਰੋਮਣੀ ਦੀ ਇਹ ਹਉਮੈ ਕਿ ਕੋਈ ਗੱਲ ਸ਼੍ਰੋਮਣੀ ਕਮੇਟੀ ਤੋਂ ਬਾਲਾ ਬਾਲਾ ਨੇ ਹੋਵੇ, ਹੀ ਸੀ ਵਰਨਾ ਅਗਰ ਓਹ; ਜਿਸ ਤਰ੍ਹਾਂ ਉਨਾਂ ਸਾਨੂੰ ਲਿਖ ਭੇਜਿਆ ਸੀ ਪੰਜਾਹ ਸਿੰਘਾ ਨੂੰ ਤਦੋਂ ਭੇਜ ਦੇਂਦੀ ਤਾਂ ਅਜ ਇਹ ਹਾਲਤ ਨ ਹੋਂਦੀ ਅਤੇ ਅਜ ਦੋਬਾਰਾਂ ਸਿਖਾਂ ਨੂੰ ਇਸ ਬਾਰੇ ਸੋਚਣ ਦੀ ਅਵਸ਼ਕਤਾ ਨ ਹੁੰਦੀ। ਪਰ ਬੀਤਿਆਂ ਸਮਾਂ ਹਥ ਨਹੀਂ ਆਉਂਦਾ।

ਹੁਣ ਭੀ U.S.A. ਆਦ ਬਾਹਰ ਦੇ ਮੁਲਕਾਂ ਦੀਆਂ ਸਿਖ ਸੋਸਾਇਟੀਆਂ ਹੀ ਇਸ ਬਾਰੇ ਕੁਝ ਕਰ ਸਕਦੀਆਂ ਹਨ। ਓਨਾਂ ਨੂੰ ਮਿਲਵੇਂ ਤੌਰ ਆਪਣੇ ਪ੍ਰਤੀਨਿਧਾਂ ਰਾਹੀ ਪਾਕਸਤਾਨ ਐਂਬੈਂਸੀ ਦੁਆਰਾ ਇਹ ਗੱਲ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਸਲਾਹ ਅਤੇ ਪਾਕਸਤਾਨ ਸਰਕਾਰ ਦੀ ਪ੍ਰਵਾਨਗੀ ਨਾਲ ਉਥੇ ਸਿਖ ਡੈਲੀਗੇਸ਼ਨ ਲੈ ਜਾਣਾ ਚਾਹੀਦਾ ਹੈ ਅਤੇ ਉਸ

ਸਰਕਾਰ ਨਾਲ 1979 ਵਿਚ ਹੋਈ ਕਾਰਵਾਈ ਦੇ ਹਵਾਲੇ ਨਾਲ ਗੱਲ ਮੁੜ ਛੇੜਨੀ ਅਤੇ ਉਕਤ ਜ਼ਿਕਰ ਫੈਸਲਿਆਂ ਨੂੰ ਬਹਾਲ ਕਰਾਉਣਾ ਜਾਂ ਇਨਾਂ ਤੋਂ ਬਗੈਰ ਹੋਰ ਕੋਈ ਫੈਸਲਾ ਲੈ ਕੇ ਉਸ ਤੇ ਤਤਕਾਲ ਅਮਲ ਕਰਨਾ ਚਾਹੀਦਾ ਹੈ।

ਨਰੈਣ ਸਿੰਘ
ਸਕੱਤਰ
ਗੁਰੂ ਨਾਨਕ ਦੇਵ ਮਿਸ਼ਨ

---

★ **ਪੰਜਾਬੀ ਪੜ੍ਹੋ**

★ **ਪੰਜਾਬੀ ਬੋਲੋ**

★ **ਪੰਜਾਬੀ ਲਿਖੋ**

---

# ਟਰੈਕਟ ਨੰਬਰ 356 ਲਈ ਸਹਾਇਕ

1 ਸ੍ਰੀ ਗੁਰ ਸਿੰਘ ਸਭਾ ਪਟਿਆਲਾ।
2 ਸ੍ਰੀ ਗੁਰੂ ਸਿੰਘ ਸਭਾ ਪੀਰੂ ਮਜ਼ੂਰ [illegible]
3 ਗੁਰਬਾਣੀ ਪ੍ਰਚਾਰ ਕੇਂਦਰ ਹੁਸ਼ਿਆਰਪੁਰ
4 ਸ੍ਰੀ ਗੁਰੂ ਕਲਗੀਧਰ ਸੇਵਕ ਜਥਾ ਬੀਕਾਨੇਰ
5 ਬਾਬਾ ਤੇਜਾ ਸਿੰਘ ਟ੍ਰਸਟ ਵੈਸਟ ਪਟੇਲ ਨਗਰ, ਨਵੀਂ ਦਿੱਲੀ
6 ਸ. ਗੁਰਚਰਨ ਸਿੰਘ ਪਰਮਿੰਦਰ ਸਿੰਘ ਜਗਰਾਓਂ
7 ਸ. ਬਲਦੇਵ ਸਿੰਘ ਐਂਡ ਸਨਜ਼ ਜਗਰਾਓਂ
8 ਗਿਆਨੀ ਅਵਤਾਰ ਸਿੰਘ ਨੂਰਾਨੀ ਜੋਤਿ ਆਰਟ ਪ੍ਰੈਸ, ਜਗਰਾਓਂ
9 ਸ. ਸੁਰਜੀਤ ਸਿੰਘ, ਸੁਰਜੀਤ ਕੌਰ ਨਵੀਂ ਬਸਤੀ ਜਗਰਾਓਂ
10. ਸ. ਮਾਨ ਸਿੰਘ ਮੋਤੀ ਨਗਰ ਨਵੀਂ ਦਿਲੀ
11. ਸ. ਹਿੰਦਰ ਸਿੰਘ ਨਿਊ ਪ੍ਰੇਮ ਨਗਰ ਲੁਧਿਆਣਾ
12. ਬੀਬੀ ਕਸ਼ਮੀਰ ਕੌਰ ਸੁਪਤਨੀ ਸ: ਬਚਨ ਸਿੰਘ ਵਿਨੀਪੈਗ, ਕੈਨੇਡਾ
13. ਸ. ਮਾਨ ਸਿੰਘ ਮੋਤੀ ਨਗਰ ਨਵੀਂ ਦਿਲੀ
14. ਸ. ਨਰਿੰਦਰਪਾਲ ਸਿੰਘ ਨਿਰਮਾਣ ਵਿਹਾਰ ਨਵੀਂ ਦਿਲੀ
15. ਸ. ਦਲਜੀਤ ਸਿੰਘ ਨਿਆਮਤਪੁਰ ਜ਼ਿਲਾ ਬੁਰਦਵਾਨ W.B.
16. ਸ. ਗੁਰਚਰਨ ਸਿੰਘ ਇੰਡੀਅਨ ਆਟੋਮੋਬਾਇਲਜ਼ ਕੁਰਨੂਲ A.P.
17. ਕੈਪਟਨ ਹਰਗੋਬਿੰਦ ਸਿੰਘ ਗੋਬਿੰਦ ਨਗਰ ਡੇਹਰਾਦੂਨ
18. ਸ. ਇੰਦਰਜੀਤ ਸਿੰਘ ਸਰਾਭਾ ਨਗਰ ਲੁਧਿਆਣਾ
19 ਸ. ਜੋਗਿੰਦਰ ਸਿੰਘ ਬੂਟਾ ਸਿੰਘ ਵਾਲਾ ਪਟਿਆਲਾ

1. ਨਾਨਕ ਨਿਰਮਲ ਪੰਥ ਚਲਾਇਆ ਮੁੱਲ 10 ਰੁਪਏ ਇਲਾਵਾ ਡਾਕ ਖਰਚ
2. ਵਰਿਆਮ ਇਕੱਲਾ... ਨਵੀਂ ਛਾਪ 15 ਰੁਪਏ।
3. ਕਿਉਂ ਕੀਤ ਵੇਸਹ 10 ਰੁਪਏ
4. ਸਿੱਖ ਵੀਰਾਂ ਨੂੰ ਹਲੂਣਾ 7-50 ਰੁਪਏ
5. ਜਥੇਦਾਰ ਕਰਤਾਰ ਸਿੰਘ ਝੱਬਰ 15 ਰੁਪਏ
6. ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ 1920-25 4 ਰੁਪਏ

ਮਿਸ਼ਨ ਦਾ ਸਲਾਨਾ ਚੰਦਾ 20/- ਇਕ ਵੇਰ ਜੀਵਨ ਪਰਯੰਤ ਚੰਦਾ 150/-
ਪਰਦੇਸਾਂ ਲਈ ਸਮੁੰਦਰੀ ਡਾਕ 300/- ਰੁਪਏ ਹਵਾਈ ਡਾਕ 500/- ਰੁਪਏ


| ਪ੍ਰਕਾਸ਼ਕ | ਪਹਿਲੀ ਵਾਰ | ਛਾਪਕ |
|---|---|---|
| ਗੁਰੂ ਨਾਨਕ [illegible] ਮਿਸ਼ਨ ਪਟਿਆਲਾ | ਮਈ 1989 | ਐਨਸਨ ਪ੍ਰਿੰਟਰਜ਼, ਪਟਿਆਲਾ। |